HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 17.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8

## ਹੁਣ ਇਸ ਸੂਬੇ 'ਚ ਔਰਤਾਂ ਨੂੰ ਮਿਲੇਗੀ ਮੁਫ਼ਤ ਬੱਸ ਸਫ਼ਰ ਦੀ ਸਹੂਲਤ, 15 ਅਗਸਤ ਤੋਂ ਹੋਵੇਗੀ ਸ਼ੁਰੂ

ਦਿੱਲੀ, ਪੰਜਾਬ ਅਤੇ ਤੇਲੰਗਾਨਾ ਤੋਂ ਬਾਅਦ ਹੁਣ ਆਂਧਰਾ ਪ੍ਰਦੇਸ਼ ਵਿਚ ਵੀ ਔਰਤਾਂ ਲਈ ਮੁਫ਼ਤ ਬੱਸ ਸੇਵਾ ਸ਼ੁਰੂ ਹੋਣ ਜਾ ਰਹੀ ਹੈ। ਆਂਧਰਾ ਪ੍ਰਦੇਸ਼ ਦੀ ਚੰਦਰਬਾਬੂ ਨਾਇਡੂ ਦੀ ਸਰਕਾਰ 15 ਅਗਸਤ ਤੋਂ ਔਰਤਾਂ ਲਈ ਸੂਬਾ ਟਰਾਂਸਪੋਰਟ ਦੀਆਂ ਬੱਸਾਂ ਦੀ ਸੇਵਾ ਮੁਫ਼ਤ ਕਰਨ ਦਾ ਐਲਾਨ ਕੀਤਾ ਹੈ। ਖ਼ਾਸ ਗੱਲ ਇਹ ਹੈ ਕਿ ਮੁਫ਼ਤ ਯਾਤਰਾ ਆਂਧਰਾ ਪ੍ਰਦੇਸ਼ ਦੀਆਂ ਸਰਹੱਦਾਂ ਤੱਕ ਹੀ ਸੀਮਤ ਹੈ। ਰਿਪੋਰਟ ਮੁਤਾਬਕ ਇਹ ਸਹੂਲਤ ਆਂਧਰਾ ਪ੍ਰਦੇਸ਼ ਸੂਬਾ ਰੋਡ ਟਰਾਂਸਪੋਰਟ ਕਾਰਪੋਰੇਸ਼ਨ (APSRTC) ਵਲੋਂ ਸੰਚਾਲਿਤ, ਪੱਲੇ ਵੇਲੁਗੂ ਅਤੇ ਐਕਸਪ੍ਰੈਸ ਬੱਸਾਂ ਪ੍ਰਦਾਨ ਕਰਨਗੀਆਂ। ਔਰਤਾਂ ਪੱਲੇ ਵੇਲੁਗੂ ਅਤੇ ਐਕਸਪ੍ਰੈਸ ਬੱਸਾਂ 'ਚ ਬਿਨਾਂ ਕਿਸੇ ਕਿਰਾਏ ਦੇ ਸੂਬੇ ਦੀਆਂ ਸਰਹੱਦਾਂ ਤੱਕ ਯਾਤਰਾ ਕਰ ਸਕਦੀਆਂ ਹਨ। ਸਰਕਾਰ ਵਲੋਂ ਇਹ ਨਵੀਨਤਾਕਾਰੀ ਪਹਿਲਕਦਮੀ ਹੈ, ਜਿਸ ਨੂੰ "ਸੁਪਰ ਸਿਕਸ ਸਕੀਮ" ਦਾ ਨਾਂ ਦਿੱਤਾ ਗਿਆ ਹੈ। ਔਰਤਾਂ, ਲੜਕੀਆਂ ਅਤੇ ਟਰਾਂਸਜੈਂਡਰ ਲਈ ਵੀ ਮੁਫਤ ਜਨਤਕ ਆਵਾਜਾਈ ਦੀ ਸਹੂਲਤ ਹੋਵੇਗੀ। ਚੰਦਰਬਾਬੂ ਨਾਇਡੂ ਨੇ ਆਪਣੇ ਚੋਣ ਵਾਅਦਿਆਂ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। APSRTC ਮੁਫ਼ਤ ਬੱਸ ਸਕੀਮ ਦੀ ਸ਼ੁਰੂਆਤ ਆਂਧਰਾ ਪ੍ਰਦੇਸ਼ ਸੂਬਾ ਟਰਾਂਸਪੋਰਟ, ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਮੰਡੀਪੱਲੀ ਰਾਮਪ੍ਰਸਾਦ ਰੈੱਡੀ ਵਲੋਂ ਕੀਤੀ ਗਈ ਸੀ। ਇਸ ਪਹਿਲਕਦਮੀ ਦਾ ਉਦੇਸ਼ ਔਰਤਾਂ ਨੂੰ ਸਸ਼ਕਤ ਕਰਨਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਉਨ੍ਹਾਂ ਨੂੰ ਆਪਣੀਆਂ ਆਵਾਜਾਈ ਦੀਆਂ ਲੋੜਾਂ ਲਈ ਦੂਜਿਆਂ 'ਤੇ ਨਿਰਭਰ ਨਾ ਹੋਣਾ ਪਵੇ। ਮੁਫਤ ਬੱਸ ਸੇਵਾਵਾਂ ਪਹਿਲਾਂ ਕਰਨਾਟਕ ਵਿਚ ਸ਼ੁਰੂ ਕੀਤੀਆਂ ਗਈਆਂ ਸਨ, ਇਸ ਤੋਂ ਬਾਅਦ ਤੇਲੰਗਾਨਾ ਵਿਚ ਅਤੇ ਹੁਣ ਆਂਧਰਾ ਪ੍ਰਦੇਸ਼ ਵਿਚ ਲਾਗੂ ਕੀਤਾ ਜਾ ਰਿਹਾ ਹੈ।



## ਆਂਧਰਾ ਪ੍ਰਦੇਸ਼ ਦੇ CM ਨਾਇਡੂ ਨੇ ਸ਼ਾਹ ਨਾਲ ਕੀਤੀ ਮੁਲਾਕਾਤ

ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਨੇ ਮੰਗਲਵਾਰ ਦੇਰ ਰਾਤ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਨਾਇਡੂ ਨੇ ਸੂਬੇ ਦੀਆਂ ਵਿੱਤੀ ਚੁਣੌਤੀਆਂ ਨਾਲ ਨਜਿੱਠਣ ਲਈ ਆਉਣ ਵਾਲੇ ਕੇਂਦਰੀ ਬਜਟ 'ਚ ਸੂਬੇ ਲਈ ਪੂਰੀ ਧਨ ਰਾਸ਼ੀ ਅਲਾਟ ਕਰਨ ਦੀ ਅਪੀਲ ਕੀਤੀ। ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਸੂਤਰਾਂ ਅਨੁਸਾਰ ਸ਼ਾਹ ਦੇ ਘਰ ਹੋਈ ਬੈਠਕ ਦੌਰਾਨ ਤੇਲੁਗੂ ਦੇਸ਼ਮ ਪਾਰਟੀ (ਤੇਦੇਪਾ) ਦੇ ਪ੍ਰਧਾਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਂਧਰਾ ਪ੍ਰਦੇਸ਼ 2014 'ਚ ਹੋਈ ਅਨਿਆਂਪੂਰਨ ਵੰਡ ਅਤੇ ਸਾਬਕਾ ਸਰਕਾਰ ਦੇ ਤਰਸਯੋਗ ਸ਼ਾਸਨ ਦੇ ਮਾੜੇ ਨਤੀਜਿਆਂ ਦਾ ਸਾਹਮਣਾ ਕਰ ਰਿਹਾ ਹੈ। ਸੂਤਰਾਂ ਨੇ ਦੱਸਿਆ ਕਿ ਮੰਗਲਵਾਰ ਸ਼ਾਮ ਨੂੰ 2 ਦਿਨਾ ਦੌਰਾਨ 'ਤੇ ਰਾਸ਼ਟਰੀ ਰਾਜਧਾਨੀ ਪਹੁੰਚੇ ਨਾਇਡੂ ਬੁੱਧਵਾਰ ਨੂੰ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨਾਲ ਮੁਲਾਕਾਤ ਕਰ ਕੇ ਸੂਬੇ ਦੀਆਂ ਵਿੱਤੀ ਜ਼ਰੂਰਤਾਂ 'ਤੇ ਚਰਚਾ ਕਰ ਸਕਦੇ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵੀ ਉਨ੍ਹਾਂ ਦੀ ਮੁਲਾਕਾਤ ਹੋਣ ਦੀ ਸੰਭਾਵਨਾ ਹੈ। ਇਹ ਨਾਇਡੂ ਦੀ ਕਰੀਬ 2 ਹਫ਼ਤਿਆਂ 'ਚ ਦੂਜੀ ਦਿੱਲੀ ਯਾਤਰਾ ਹੈ। ਚਾਰ ਜੁਲਾਈ ਨੂੰ ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਸਾਹਮਣੇ 7 ਸੂਤਰੀ ਵਿਕਾਸ ਏਜੰਡਾ ਪੇਸ਼ ਕੀਤਾ ਸੀ, ਜਿਸ ਦਾ ਮਕਸਦ ਸੂਬੇ ਦੀ ਵੰਡ ਤੋਂ ਬਾਅਦ ਦੀਆਂ ਚੁਣੌਤੀਆਂ ਦਾ ਹੱਲ ਕਰਨਾ ਹੈ।



## 18 ਦਿਨਾਂ 'ਚ 3 ਲੱਖ ਤੋਂ ਵਧੇਰੇ ਸ਼ਰਧਾਲੂਆਂ ਨੇ ਕੀਤੇ ਬਾਬਾ ਬਰਫ਼ਾਨੀ ਦੇ ਦਰਸ਼ਨ



ਜੰਮੂ- 18 ਦਿਨਾਂ 'ਚ 3.38 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਅਮਰਨਾਥ ਯਾਤਰਾ ਕੀਤੀ ਹੈ। ਜਦੋਂ ਕਿ 3,740 ਸ਼ਰਧਾਲੂਆਂ ਦਾ ਇਕ ਹੋਰ ਜੱਥਾ ਬੁੱਧਵਾਰ ਨੂੰ ਸਖਤ ਸੁਰੱਖਿਆ ਵਿਚਕਾਰ ਕਸ਼ਮੀਰ ਲਈ ਰਵਾਨਾ ਹੋਇਆ। ਸਾਲਾਨਾ ਯਾਤਰਾ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਵਾਲੇ ਅਮਰਨਾਥ ਜੀ ਸ਼ਰਾਈਨ ਬੋਰਡ (SASB) ਦੇ ਅਧਿਕਾਰੀਆਂ ਨੇ ਦੱਸਿਆ ਕਿ 29 ਜੂਨ ਤੋਂ ਯਾਤਰਾ ਸ਼ੁਰੂ ਹੋਣ ਤੋਂ ਬਾਅਦ ਪਿਛਲੇ 18 ਦਿਨਾਂ ਦੌਰਾਨ 3.38 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਪਵਿੱਤਰ ਗੁਫਾ ਦੇ 'ਦਰਸ਼ਨ' ਕੀਤੇ ਹਨ। 3,740 ਯਾਤਰੀਆਂ ਦਾ ਇਕ ਹੋਰ ਜੱਥਾ ਅੱਜ ਸਵੇਰੇ ਜੰਮੂ ਦੇ ਭਗਵਤੀ ਨਗਰ ਯਾਤਰੀ ਨਿਵਾਸ ਤੋਂ ਘਾਟੀ ਲਈ ਦੋ ਸੁਰੱਖਿਆ ਕਾਫਲਿਆਂ ਵਿਚ ਰਵਾਨਾ ਹੋਇਆ। ਇਨ੍ਹਾਂ 'ਚੋਂ 55 ਵਾਹਨਾਂ 'ਚ 1,435 ਯਾਤਰੀਆਂ ਨੂੰ ਲੈ ਕੇ ਪਹਿਲਾ ਸੁਰੱਖਿਆ ਕਾਫਲਾ ਸਵੇਰੇ 3.05 ਵਜੇ ਉੱਤਰੀ ਕਸ਼ਮੀਰ ਬਾਲਟਾਲ ਬੇਸ ਕੈਂਪ ਲਈ ਰਵਾਨਾ ਹੋਇਆ। 72 ਵਾਹਨਾਂ 'ਚ 2,305 ਯਾਤਰੀਆਂ ਨੂੰ ਲੈ ਕੇ ਦੂਜਾ ਸੁਰੱਖਿਆ ਕਾਫਲਾ ਦੱਖਣੀ ਕਸ਼ਮੀਰ ਨੁਨਵਾਨ (ਪਹਿਲਗਾਮ) ਬੇਸ ਕੈਂਪ ਲਈ ਸਵੇਰੇ 3.55 ਵਜੇ ਰਵਾਨਾ ਹੋਇਆ। ਇਸ ਸਾਲ ਦੀ ਯਾਤਰਾ ਸ਼ੁਰੂ ਹੋਣ ਤੋਂ ਬਾਅਦ ਪਹਿਲੀ ਵਾਰ ਅਧਿਕਾਰੀ ਬੀਮਾਰ ਯਾਤਰੀਆਂ ਦੇ ਇਲਾਜ ਲਈ ਇਕ ਨਾਵਲ 'ਪੋਨੀ ਐਂਬੂਲੈਂਸ ਸੇਵਾ' ਦੀ ਵਰਤੋਂ ਕਰ ਰਹੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਸ 'ਐਂਬੂਲੈਂਸ ਸੇਵਾ' ਦੀ ਵਰਤੋਂ ਕਰਦਿਆਂ ਸਿਹਤ ਵਿਭਾਗ ਦੇ ਡਾਕਟਰਾਂ ਅਤੇ ਪੈਰਾਮੈਡਿਕਸ ਨੇ ਹੁਣ ਤੱਕ ਜੁੜਵਾਂ ਯਾਤਰਾ ਮਾਰਗਾਂ 'ਤੇ 1,200 ਮਰੀਜ਼ਾਂ ਦਾ ਸਫਲਤਾਪੂਰਵਕ ਇਲਾਜ ਕੀਤਾ ਹੈ। ਅਮਰਨਾਥ ਮੰਦਰ ਗੁਫਾ ਕਸ਼ਮੀਰ ਹਿਮਾਲਿਆ ਵਿਚ ਸਮੁੰਦਰ ਤਲ ਤੋਂ 3,888 ਮੀਟਰ ਦੀ ਉਚਾਈ 'ਤੇ ਸਥਿਤ ਹੈ। ਸ਼ਰਧਾਲੂ ਜਾਂ ਤਾਂ ਰਵਾਇਤੀ ਦੱਖਣੀ ਕਸ਼ਮੀਰ ਪਹਿਲਗਾਮ ਰੂਟ ਜਾਂ ਉੱਤਰੀ ਕਸ਼ਮੀਰ ਬਾਲਟਾਲ ਮਾਰਗ ਤੋਂ ਗੁਫਾ ਮੰਦਰ ਤੱਕ ਪਹੁੰਚਦੇ ਹਨ। ਪਹਿਲਗਾਮ-ਗੁਫਾ ਮੰਦਰ ਦਾ ਧੁਰਾ 48 ਕਿਲੋਮੀਟਰ ਲੰਬਾ ਹੈ ਅਤੇ ਯਾਤਰੀਆਂ ਨੂੰ ਮੰਦਰ ਤੱਕ ਪਹੁੰਚਣ ਲਈ 4-5 ਦਿਨ ਲੱਗਦੇ ਹਨ। ਬਾਲਟਾਲ-ਗੁਫਾ ਤੀਰਥ ਧੁਰਾ 14 ਕਿਲੋਮੀਟਰ ਲੰਬਾ ਹੈ ਅਤੇ ਸ਼ਰਧਾਲੂਆਂ ਨੂੰ 'ਦਰਸ਼ਨ' ਕਰਨ ਅਤੇ ਬੇਸ ਕੈਂਪ 'ਤੇ ਵਾਪਸ ਜਾਣ ਲਈ ਇਕ ਦਿਨ ਲੱਗਦਾ ਹੈ। ਇਸ ਸਾਲ ਦੀ ਯਾਤਰਾ 52 ਦਿਨਾਂ ਬਾਅਦ 29 ਅਗਸਤ ਨੂੰ ਸਾਉਣ ਦੀ ਪੁੰਨਿਆ ਅਤੇ ਰੱਖੜੀ ਦੇ ਤਿਉਹਾਰ ਵਾਲੇ ਦਿਨ ਖ਼ਤਮ ਹੋਵੇਗੀ।

## ਹਲਵਾ ਸਮਾਰੋਹ ਨਾਲ ਬਜਟ ਛਪਾਈ ਦਾ ਕੰਮ ਸ਼ੁਰੂ, 23 ਜੁਲਾਈ ਨੂੰ ਛੇਵਾਂ ਬਜਟ ਪੇਸ਼ ਕਰੇਗੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ




ਵਿੱਤ ਮੰਤਰਾਲੇ 'ਚ ਹਲਵਾ ਸਮਾਰੋਹ ਦੇ ਨਾਲ ਬਜਟ ਛਪਾਈ ਦਾ ਕੰਮ ਰਸਮੀ ਤੌਰ 'ਤੇ ਸ਼ੁਰੂ ਹੋ ਗਿਆ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਮੰਤਰਾਲੇ ਦੇ ਅਧਿਕਾਰੀਆਂ ਨੂੰ ਹਲਵਾ ਪਰੋਸ ਕੇ ਇਸ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਉਨ੍ਹਾਂ ਨਾਲ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਵੀ ਮੌਜੂਦ ਸਨ। ਹਲਵਾ ਦੀ ਰਸਮ ਦੇ ਨਾਲ ਹੀ ਹੁਣ ਬਜਟ ਪੇਸ਼ ਹੋਣ ਤੱਕ ਬਜਟ ਬਣਾਉਣ ਵਿੱਚ ਲੱਗੇ ਸਾਰੇ ਅਧਿਕਾਰੀ ਪਰਿਵਾਰ ਅਤੇ ਲੋਕਾਂ ਤੋਂ ਵੱਖ ਹੋ ਜਾਣਗੇ। ਤੁਹਾਨੂੰ ਦੱਸ ਦੇਈਏ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ 23 ਜੁਲਾਈ ਨੂੰ ਬਜਟ ਪੇਸ਼ ਕਰਨਗੇ। ਨੌਰਥ ਬਲਾਕ ਦੇ ਬੇਸਮੈਂਟ ਦੇ ਅੰਦਰ ਕੇਂਦਰੀ ਬਜਟ ਦੀ ਛਪਾਈ 1980 ਤੋਂ ਇੱਕ ਪਰੰਪਰਾ ਬਣ ਗਈ ਹੈ। ਸੰਸਦ ਦਾ ਬਜਟ ਇਜਲਾਸ 22 ਜੁਲਾਈ ਨੂੰ ਸ਼ੁਰੂ ਹੋਵੇਗਾ ਅਤੇ 12 ਅਗਸਤ ਨੂੰ ਤੈਅ ਪ੍ਰੋਗਰਾਮ ਮੁਤਾਬਕ ਖਤਮ ਹੋਵੇਗਾ। ਇਸ ਆਗਾਮੀ ਬਜਟ ਪੇਸ਼ਕਾਰੀ ਦੇ ਨਾਲ, ਸੀਤਾਰਮਨ ਸਾਬਕਾ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਦੁਆਰਾ ਬਣਾਏ ਗਏ ਰਿਕਾਰਡ ਨੂੰ ਪਾਰ ਕਰ ਜਾਵੇਗੀ, ਜਿਸ ਨੇ ਵਿੱਤ ਮੰਤਰੀ ਵਜੋਂ 1959 ਅਤੇ 1964 ਦੇ ਵਿਚਕਾਰ ਪੰਜ ਸਾਲਾਨਾ ਬਜਟ ਅਤੇ ਇੱਕ ਅੰਤਰਿਮ ਬਜਟ ਪੇਸ਼ ਕੀਤਾ ਸੀ। ਸੀਤਾਰਮਨ ਦਾ ਆਉਣ ਵਾਲਾ ਬਜਟ ਭਾਸ਼ਣ ਉਨ੍ਹਾਂ ਦਾ ਛੇਵਾਂ ਬਜਟ ਭਾਸ਼ਣ ਹੋਵੇਗਾ। ਪਿਛਲੇ ਕੁਝ ਪੂਰੇ ਕੇਂਦਰੀ ਬਜਟਾਂ ਵਾਂਗ, ਬਜਟ 2024 ਵੀ ਕਾਗਜ਼ ਰਹਿਤ ਰੂਪ ਵਿੱਚ ਪੇਸ਼ ਕੀਤਾ ਜਾਵੇਗਾ। ਅੰਤਰਿਮ ਕੇਂਦਰੀ ਬਜਟ 2024 1 ਫਰਵਰੀ ਨੂੰ ਪੇਸ਼ ਕੀਤਾ ਗਿਆ ਸੀ, ਕਿਉਂਕਿ ਦੇਸ਼ ਵਿਚ ਆਮ ਚੋਣਾਂ ਹੋਣ ਵਾਲੀਆਂ ਸਨ। 1 ਫਰਵਰੀ ਨੂੰ ਪੇਸ਼ ਕੀਤੇ ਗਏ ਅੰਤਰਿਮ ਬਜਟ ਵਿੱਚ ਲੋਕ ਸਭਾ ਚੋਣਾਂ ਅਤੇ ਸਰਕਾਰ ਦੇ ਗਠਨ ਦੇ ਵਿਚਕਾਰ ਦੇ ਸਮੇਂ ਦੀਆਂ ਵਿੱਤੀ ਲੋੜਾਂ ਦਾ ਧਿਆਨ ਰੱਖਿਆ ਗਿਆ ਸੀ, ਜਿਸ ਤੋਂ ਬਾਅਦ ਨਵੀਂ ਸਰਕਾਰ ਵੱਲੋਂ ਜੁਲਾਈ ਵਿੱਚ ਪੂਰਾ ਬਜਟ ਪੇਸ਼ ਕੀਤਾ ਜਾਣਾ ਸੀ। ਸਾਲਾਨਾ ਵਿੱਤੀ ਸਟੇਟਮੈਂਟ (ਆਮ ਤੌਰ 'ਤੇ ਬਜਟ ਵਜੋਂ ਜਾਣਿਆ ਜਾਂਦਾ ਹੈ), ਸੰਸਦ ਦੇ ਮੈਂਬਰਾਂ (ਐੱਮਪੀਜ਼) ਅਤੇ ਜਨਤਾ ਦੁਆਰਾ ਬਜਟ ਦਸਤਾਵੇਜ਼ਾਂ ਤੱਕ ਮੁਸ਼ਕਲ ਰਹਿਤ ਪਹੁੰਚ ਲਈ ਸੰਵਿਧਾਨ ਦੁਆਰਾ ਨਿਰਧਾਰਤ ਕੀਤੇ ਅਨੁਸਾਰ ਗ੍ਰਾਂਟਾਂ ਦੀ ਮੰਗ (ਡੀਜੀ), ਵਿੱਤ ਬਿੱਲ ਸਮੇਤ ਸਾਰੇ ਕੇਂਦਰੀ ਬਜਟ ਦਸਤਾਵੇਜ਼ ਯੂਨੀਅਨ ਬਜਟ ਮੋਬਾਈਲ ਐਪ 'ਤੇ ਉਪਲਬਧ ਹੋਵੇਗਾ।

# ਭਾਜਪਾ ਨੇ ਪੰਜਾਬ ਦੇ ਸਾਬਕਾ ਮੰਤਰੀ ਖ਼ਿਲਾਫ਼ ਪਾਰਟੀ ਹਾਈਕਮਾਨ ਨੂੰ ਭੇਜੀ ਸ਼ਿਕਾਇਤ




ਭਾਜਪਾ ਦੇ ਬਜ਼ੁਰਗ ਆਗੂ ਅਤੇ ਸਾਬਕਾ ਮੰਤਰੀ ਪੰਜਾਬ ਭਗਤ ਚੂਨੀ ਲਾਲ ਨੇ ਹਾਲ ਹੀ ਵਿਚ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਹੋਈ ਜ਼ਿਮਨੀ ਚੋਣ ਵਿਚ ਆਪਣੇ ਬੇਟੇ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੋਹਿੰਦਰ ਭਗਤ ਦੇ ਪੱਖ ਵਿਚ ਵੋਟ ਪਾਉਣ ਦੀ ਅਪੀਲ ਕੀਤੀ ਸੀ। ਚੋਣ ਮੁਕੰਮਲ ਹੋਣ ਤੋਂ ਬਾਅਦ ਹੁਣ ਮੋਹਿੰਦਰ ਭਗਤ ਵਿਧਾਇਕ ਚੁਣੇ ਗਏ ਹਨ।ਭਾਜਪਾ ਦੀ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਸੁਸ਼ੀਲ ਸ਼ਰਮਾ ਨੇ ਭਗਤ ਚੂਨੀ ਲਾਲ ਦੀ ਉਸ ਵੀਡੀਓ ਨੂੰ ਲੈ ਕੇ ਹਾਈਕਮਾਨ ਨੂੰ ਸ਼ਿਕਾਇਤ ਕੀਤੀ ਹੈ, ਜਿਸ ਵਿਚ ਉਨ੍ਹਾਂ ਵੋਟਰਾਂ ਨੂੰ ਆਪਣੇ ਬੇਟੇ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਦਾ ਮੰਨਣਾ ਹੈ ਕਿ ਪਾਰਟੀ ਦੇ ਵਿਰੁੱਧ ਹੈ, ਇਸ ਲਈ ਇਸ ਦੀ ਸਾਰੀ ਰਿਪੋਰਟ ਹਾਈਕਮਾਨ ਨੂੰ ਭੇਜ ਦਿੱਤੀ ਹੈ। ਪੰਜਾਬ ਭਾਜਪਾ ਵੱਲੋਂ ਇਸ ਬਾਰੇ ਅਗਲਾ ਫ਼ੈਸਲਾ ਰਾਸ਼ਟਰੀ ਲੀਡਰਸ਼ਿਪ ਦੇ ਧਿਆਨ ਵਿਚ ਲਿਆ ਕੇ ਹੀ ਲਿਆ ਜਾਵੇਗਾ। ਵਰਣਨਯੋਗ ਹੈ ਕਿ ਭਗਤ ਚੂਨੀ ਲਾਲ ਪਿਛਲੇ ਕਈ ਦਹਾਕਿਆਂ ਤੋਂ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਹੋਏ ਹਨ। ਭਾਜਪਾ ਦੀ ਬਦੌਲਤ ਹੀ ਉਨ੍ਹਾਂ ਵਿਧਾਇਕ ਅਤੇ ਮੰਤਰੀ ਅਹੁਦੇ ਦਾ ਸਫਰ ਤਹਿ ਕੀਤਾ ਹੈ।

# ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਚਾਂਸਲਰ ਬਣੇ ਰਹਿਣਗੇ ਰਾਜਪਾਲ



ਰਾਸ਼ਟਰਪਤੀ ਨੇ 'ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023' ਨੂੰ ਬਿਨਾਂ ਪ੍ਰਵਾਨਗੀ ਦੇ ਵਾਪਸ ਸੂਬਾ ਸਰਕਾਰ ਨੂੰ ਮੋੜ ਦਿੱਤਾ ਹੈ। ਇਸ ਬਿੱਲ ਤਹਿਤ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਦੀ ਸ਼ਕਤੀ ਰਾਜਪਾਲ ਤੋਂ ਲੈਕੇ ਮੁੱਖ ਮੰਤਰੀ ਨੂੰ ਦੇਣ ਦੀ ਅਪੀਲ ਕੀਤੀ ਗਈ ਸੀ। ਹੁਣ ਇਸ ਬਿੱਲ ਦੇ ਵਾਪਸ ਆਉਣ ਨਾਲ ਰਾਜਪਾਲ ਹੀ ਯੂਨੀਵਰਸਿਟੀਆਂ ਦੇ ਚਾਂਸਲਰ ਰਹਿਣਗੇ। ਪੰਜਾਬ ਵਿਧਾਨ ਸਭਾ ਨੇ ਪਿਛਲੇ ਸਾਲ 21 ਜੂਨ ਨੂੰ ਇਹ ਬਿੱਲ ਸਰਬਸੰਮਤੀ ਨਾਲ ਪਾਸ ਕੀਤਾ ਸੀ। ਬਿੱਲ ਦਾ ਮੰਤਵ ਸੂਬੇ ਦੀਆਂ 12 ਸਟੇਟ ਯੂਨੀਵਰਸਿਟੀਆਂ ਦੇ ਚਾਂਸਲਰ ਦੀ ਸ਼ਕਤੀ ਰਾਜਪਾਲ ਤੋਂ ਲੈ ਕੇ ਮੁੱਖ ਮੰਤਰੀ ਨੂੰ ਦੇਣਾ ਸੀ। ਰਾਸ਼ਟਰਪਤੀ ਨੇ ਪਿਛਲੇ ਹਫ਼ਤੇ ਇਹ ਬਿੱਲ ਪੰਜਾਬ ਰਾਜ ਭਵਨ ਨੂੰ ਵਾਪਸ ਕਰ ਦਿੱਤਾ ਸੀ।ਰਾਜ ਭਵਨ ਦੇ ਸੂਤਰਾਂ ਅਨੁਸਾਰ ਰਾਸ਼ਟਰਪਤੀ ਨੂੰ ਮਨਜ਼ੂਰੀ ਵਾਸਤੇ ਭੇਜੇ ਤਿੰਨ ਬਿੱਲਾਂ 'ਚੋਂ ਇਹ ਉਪਰੋਕਤ ਬਿੱਲ ਵਾਪਸ ਭੇਜ ਦਿੱਤਾ ਗਿਆ ਹੈ। ਪੰਜਾਬ ਦੇ ਰਾਜਪਾਲ ਨੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਤਿੰਨ ਬਿੱਲ ਭਾਰਤੀ ਸੰਵਿਧਾਨ ਦੀ ਧਾਰਾ 200 ਅਧੀਨ ਭਾਰਤ ਦੇ ਰਾਸ਼ਟਰਪਤੀ ਲਈ ਆਪਣੇ ਕੋਲ ਰਾਖਵੇਂ ਰੱਖ ਲਏ ਸਨ। ਰਾਜਪਾਲ ਨੇ ਮਗਰੋਂ ਇਹ ਤਿੰਨੋਂ ਬਿੱਲ 'ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023', 'ਪੰਜਾਬ ਪੁਲੀਸ (ਸੋਧ) ਬਿੱਲ' ਅਤੇ 'ਸਿੱਖ ਗੁਰਦੁਆਰਾ (ਸੋਧ) ਬਿੱਲ' ਰਾਸ਼ਟਰਪਤੀ ਕੋਲ ਭੇਜ ਦਿੱਤੇ ਸਨ।'ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ 2023' ਵਾਪਸ ਹੁਣ ਉਚੇਰੀ ਸਿੱਖਿਆ ਵਿਭਾਗ ਕੋਲ ਆ ਗਿਆ ਹੈ ਅਤੇ ਇਸ ਬਿੱਲ ਨੂੰ ਪ੍ਰਵਾਨਗੀ ਮਿਲਣ ਨਾਲ ਰਾਜਪਾਲ ਦੀਆਂ ਤਾਕਤਾਂ 'ਚ ਕਟੌਤੀ ਹੋਣੀ ਸੀ। ਰਾਸ਼ਟਰਪਤੀ ਵੱਲੋਂ ਮਨਜ਼ੂਰੀ ਨਾ ਮਿਲਣ ਮਗਰੋਂ ਹੁਣ ਰਾਜ ਸੰਚਾਲਿਤ ਯੂਨੀਵਰਸਿਟੀਆਂ ਦੇ ਚਾਂਸਲਰ ਰਾਜਪਾਲ ਹੀ ਬਣੇ ਰਹਿਣਗੇ। ਦੱਸਣਯੋਗ ਹੈ ਕਿ ਇਹ ਬਿੱਲ ਕਾਫ਼ੀ ਸਮਾਂ ਤਾਂ ਪੈਂਡਿੰਗ ਹੀ ਪਏ ਰਹੇ ਸਨ ਕਿਉਂਕਿ ਰਾਜਪਾਲ ਨੇ ਜੂਨ 2023 ਦੇ ਸੈਸ਼ਨ ਨੂੰ ਗ਼ੈਰਕਾਨੂੰਨੀ ਐਲਾਨ ਦਿੱਤਾ ਸੀ। ਸੁਪਰੀਮ ਕੋਰਟ ਨੇ ਮਗਰੋਂ ਜੂਨ 2023 ਦੇ ਸੈਸ਼ਨ ਨੂੰ ਸੰਵਿਧਾਨਿਕ ਤੌਰ 'ਤੇ ਜਾਇਜ਼ ਕਰਾਰ ਦਿੰਦਿਆਂ ਰਾਜਪਾਲ ਨੂੰ ਇਸ ਸੈਸ਼ਨ ਵਿਚ ਪਾਸ ਬਿੱਲਾਂ 'ਤੇ ਫ਼ੈਸਲਾ ਲੈਣ ਲਈ ਕਿਹਾ ਸੀ। ਉਪਰੰਤ ਰਾਜਪਾਲ ਨੇ 'ਪੰਜਾਬ ਐਫੀਲੀਏਟਿਡ ਕਾਲਜ (ਸੇਵਾ ਦੀ ਸੁਰੱਖਿਆ) ਸੋਧ ਬਿੱਲ' ਨੂੰ ਮਨਜ਼ੂਰੀ ਦੇ ਦਿੱਤੀ ਸੀ।

# ਅੰਮ੍ਰਿਤਸਰ ਦਿਹਾਤੀ ਪੁਲਸ ਨੂੰ ਮਿਲੀ ਵੱਡੀ ਸਫ਼ਲਤਾ, ਦੋ ਵਿਅਕਤੀ ਨਸ਼ੇ ਤੇ ਹਥਿਆਰਾਂ ਦੇ ਜ਼ਖੀਰੇ ਸਮੇਤ ਕਾਬੂ



ਅੰਮ੍ਰਿਤਸਰ ਦਿਹਾਤੀ ਪੁਲਸ ਨੂੰ ਵੱਡੀ ਸਫ਼ਲਤਾ ਹਾਸਲ ਹੋਈ ਹੈ। ਜਿਸ ਦੀ ਜਾਣਕਾਰੀ ਪੰਜਾਬ ਡੀ. ਜੀ. ਪੀ. ਗੌਰਵ ਯਾਦਵ ਨੇ ਆਪਣੇ ਐਕਸ ਅਕਾਊਂਟ 'ਤੇ ਸਾਂਝੀ ਕੀਤੀ ਹੈ। ਜਿਸ 'ਚ ਉਨ੍ਹਾਂ ਨੇ ਦੱਸਿਆ ਕਿ ਨਸ਼ਾ ਤਸਕਰੀ ਨੂੰ ਵੱਡਾ ਝਟਕਾ ਲੱਗਾ ਹੈ। ਅੰਮ੍ਰਿਤਸਰ ਦਿਹਾਤੀ ਪੁਲਸ ਨੇ ਸਰਹੱਦ ਪਾਰ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਖਤਮ ਕੀਤਾ ਹੈ। ਜਿਸ 'ਚ 2 ਸ਼ੱਕੀ ਵਿਅਕਤੀਆਂ ਨੂੰ ਗ੍ਰਿਫਤਾਰ ਕਰ 7 ਕਿਲੋ ਹੈਰੋਇਨ, 5 ਪਿਸਤੌਲ, 5 ਜ਼ਿੰਦਾ ਕਾਰਤੂਸ ਅਤੇ 5 ਮੈਗਜ਼ੀਨ ਬਰਾਮਦ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਜਾਂਚ 'ਚ ਪਾਕਿਸਤਾਨ ਲਿੰਕ ਦਾ ਖੁਲਾਸਾ ਹੋਇਆ। ਜਿਸ 'ਚ ਆਰਮਜ਼ ਐਕਟ ਅਤੇ ਐੱਨ. ਡੀ. ਪੀ. ਐੱਸ ਐਕਟ ਤਹਿਤ ਐੱਫ਼. ਆਈ. ਆਰ. ਦਰਜ ਕੀਤੀ ਗਈ ਹੈ। ਡੀ. ਜੀ. ਪੀ. ਨੇ ਕਿਹਾ ਕਿ ਪੰਜਾਬ ਪੁਲਸ ਮਾਨਯੋਗ ਸੀ.ਐੱਮ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ ਡਰੱਗ ਸਪਲਾਈ ਚੇਨ ਨੂੰ ਨਸ਼ਟ ਕਰਨ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਚਨਬੱਧ।

# ਪੰਜਾਬ 'ਚ ਸੜਕ ਨੈੱਟਵਰਕ ਹੋਵੇਗਾ ਮਜ਼ਬੂਤ



ਪੰਜਾਬ ਦੇ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ. ਟੀ. ਓ. ਬੀਤੀ ਸ਼ਾਮ ਸੂਬੇ 'ਚ ਸੜਕ ਮਾਰਗ ਨੈੱਟਵਰਕ ਦੇ ਮੁੱਢਲੇ ਢਾਂਚੇ ਨੂੰ ਹੋਰ ਸੁਧਾਰਨ ਲਈ ਸੂਬੇ 'ਚ ਪੈਂਦੇ ਰਾਸ਼ਟਰੀ ਰਾਜਮਾਰਗ ਪ੍ਰਾਜੈਕਟਾਂ ਸਬੰਧੀ ਨਵੀਂ ਦਿੱਲੀ 'ਚ ਹੋਈ ਉੱਚ-ਪੱਧਰੀ ਸਮੀਖਿਆ ਬੈਠਕ 'ਚ ਸ਼ਾਮਲ ਹੋਏ। ਰਾਜਮਾਰਗ ਅਤੇ ਆਵਾਜਾਈ ਸਬੰਧੀ ਕੇਂਦਰੀ ਮੰਤਰੀ ਨਿਤਿਨ ਗਡਕਰੀ ਦੀ ਅਗਵਾਈ 'ਚ ਹੋਈ ਮੀਟਿੰਗ 'ਚ ਕੇਂਦਰੀ ਰਾਜ ਮੰਤਰੀ ਅਜੇ ਟਮਟਾ, ਹਰਸ਼ ਮਲਹੋਤਰਾ, ਕੇਂਦਰ ਅਤੇ ਸੂਬੇ ਦੇ ਪ੍ਰਸ਼ਾਸਕੀ ਸਕੱਤਰ, ਸੜਕ ਆਵਾਜਾਈ ਸਬੰਧੀ ਕੇਂਦਰੀ ਮੰਤਰਾਲਾ, ਐੱਨ. ਐੱਚ. ਏ. ਆਈ., ਪੰਜਾਬ ਲੋਕ ਨਿਰਮਾਣ ਵਿਭਾਗ ਦੇ ਉੱਚ ਅਧਿਕਾਰੀ, ਠੇਕੇਦਾਰ ਅਤੇ ਕੰਸਲਟੈਂਟ ਆਦਿ ਮੌਜੂਦ ਸਨ। ਸਮੀਖਿਆ ਦੌਰਾਨ ਇਹ ਦੱਸਿਆ ਗਿਆ ਕਿ ਪੰਜਾਬ 'ਚ ਮੌਜੂਦਾ ਸਮੇਂ 1438 ਕਿ. ਮੀ. ਰਾਸ਼ਟਰੀ ਰਾਜਮਾਰਗਾਂ ਦੇ ਕੰਮ ਲਗਭਗ 45,000 ਕਰੋੜ ਰੁਪਏ ਦੇ ਨਾਲ ਕੀਤੇ ਜਾ ਰਹੇ ਹਨ। ਮੀਟਿੰਗ 'ਚ ਇਨ੍ਹਾਂ ਕਾਰਜਾਂ ਨੂੰ ਪੂਰਾ ਕਰਨ ਲਈ ਐਕਵਾਇਰ ਕੀਤੀ ਜ਼ਮੀਨ ਦਾ ਕਬਜ਼ਾ ਜਲਦੀ ਤੋਂ ਜਲਦੀ ਮੁਹੱਈਆ ਕਰਵਾਉਣ, ਮੁਆਵਜ਼ਾ ਰਾਸ਼ੀ ਦੀ ਵੰਡ ਪ੍ਰਕਿਰਿਆ ਹੋਰ ਤੇਜ਼ ਕਰਨ, ਵਣ ਵਿਭਾਗ ਦੀ ਐਕਵਾਇਰ ਕੀਤੀ ਜ਼ਮੀਨ ਦੇ ਬਦਲੇ 'ਚ ਦੇਣ ਲਈ ਗੈਰ-ਵਣ ਜ਼ਮੀਨ ਦਾ ਲੈਂਡ ਬੈਂਕ ਤਿਆਰ ਕਰਨ ਅਤੇ ਥਰਮਲ ਪਾਵਰ ਪਲਾਂਟਾਂ ਤੋਂ ਸਵਾਹ ਦੀ ਪ੍ਰਾਪਤੀ ਆਦਿ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਦੌਰਾਨ ਕੁਝ ਪ੍ਰਾਜੈਕਟਾਂ ਲਈ ਜ਼ਮੀਨ ਪ੍ਰਾਪਤ ਨਾ ਹੋਣ ਕਾਰਨ ਹੋ ਰਹੀ ਦੇਰੀ ਦੇ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਦੇ ਹੋਏ ਇਨ੍ਹਾਂ ਨੂੰ ਜਲਦੀ ਹੱਲ ਕਰਨ ਦੀ ਲੋੜ 'ਤੇ ਹੋਰ ਜ਼ੋਰ ਦਿੱਤਾ ਗਿਆ। ਕੇਂਦਰੀ ਮੰਤਰੀ ਵੱਲੋਂ ਪੰਜਾਬ ਸਰਕਾਰ ਨਾਲ ਸਬੰਧਤ ਸਾਂਝੇ ਕੀਤੇ ਗਏ ਮੁੱਦਿਆਂ ਬਾਰੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਸੂਬਾ ਸਰਕਾਰ ਵੱਲੋਂ ਇਨ੍ਹਾਂ ਸਾਰੇ ਮਾਮਲਿਆਂ ਨੂੰ ਸਮਾਂਬੱਧ ਢੰਗ ਨਾਲ ਹੱਲ ਕਰਨ ਦਾ ਭਰੋਸਾ ਦਿਵਾਇਆ ਗਿਆ ਤਾਂ ਕਿ ਸੂਬੇ 'ਚ ਲੋਕਾਂ ਦੀ ਸਹੂਲਤ ਲਈ ਆਵਾਜਾਈ ਨੂੰ ਹੋਰ ਆਰਾਮਦਾਇਕ ਬਣਾਇਆ ਜਾ ਸਕੇ। ਇਸ ਦੇ ਇਲਾਵਾ ਪੰਜਾਬ 'ਚ ਰਾਜ ਮਾਰਗਾਂ ਨੂੰ ਹੋਰ ਵਧੀਆ ਢੰਗ ਨਾਲ ਜੋੜਨ ਤੇ ਸੜਕ ਸੁਰੱਖਿਆ ਨੂੰ ਸੁਧਾਰਨ ਲਈ ਖਾਨ-ਕੋਟ 'ਚ ਵ੍ਹੀਕਲਰ ਅੰਡਰ ਪਾਸ (ਵੀ. ਯੂ. ਪੀ.) ਆਦਿ ਪ੍ਰਾਜੈਕਟ ਕੇਂਦਰੀ ਮੰਤਰੀ ਦੇ ਧਿਆਨ 'ਚ ਲਿਆਂਦੇ ਗਏ।

# ਦਿੱਲੀ ਮਾਰਚ ਦੀ ਤਿਆਰੀ ਲਈ ਕਿੱਲਿਆਂਵਾਲੀ ਤੋਂ ਖਨੌਰੀ ਬਾਰਡਰ ਲਈ ਕਾਫਲਾ ਰਵਾਨਾ



ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਸੜਕਾਂ ਖੋਲ੍ਹਣ ਦੇ ਹੁਕਮ ਦਿੱਤੇ ਜਾਣ ਤੋਂ ਬਾਅਦ ਕਿਸਾਨ ਜਥੇਬੰਦੀਆਂ ਨੇ ਫਿਰ ਤੋਂ ਦਿੱਲੀ ਮਾਰਚ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਅਤੇ ਕਿਸਾਨ ਮਜ਼ਦੂਰ ਮੋਰਚਾ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ 13 ਫਰਵਰੀ 2024 ਨੂੰ ਦਿੱਲੀ ਵੱਲ ਮਾਰਚ ਕਰਨ ਦੇ ਐਲਾਨ 'ਤੇ ਹਰਿਆਣਾ, ਪੰਜਾਬ ਅਤੇ ਰਾਜਸਥਾਨ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਕਿਸਾਨ ਕਾਫਲਿਆਂ ਵਿੱਚ ਦਿੱਲੀ ਲਈ ਰਵਾਨਾ ਹੋਏ ਸਨ। ਜਿਸ ਨੂੰ ਹਰਿਆਣਾ ਦੀ ਖੱਟਰ ਸਰਕਾਰ ਨੇ ਖੁਦ ਹਰਿਆਣਾ ਦੀਆਂ ਸਰਹੱਦਾਂ 'ਤੇ ਵੱਡੇ ਪੱਥਰ ਬੈਰੀਕੇਡ ਲਗਾ ਕੇ ਰੋਕ ਦਿੱਤਾ ਸੀ।ਜਿਸ ਤੋਂ ਬਾਅਦ ਕਿਸਾਨਾਂ ਨੇ ਹਰਿਆਣਾ ਦੇ ਖਨੌਰੀ ਬਾਰਡਰ, ਸ਼ੰਭੂ ਬਾਰਡਰ, ਸੰਗਰੀਆ ਅਤੇ ਕਿੱਲਿਆਂਵਾਲੀ (ਡੱਬਵਾਲੀ) ਦੀਆਂ ਸਰਹੱਦਾਂ 'ਤੇ ਮੋਰਚੇ ਲਗਾਏ ਸਨ ਅਤੇ ਹੁਣ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਦਿੱਲੀ ਵੱਲ ਕੂਚ ਕਰਨ ਲਈ ਕਿਸਾਨਾਂ ਦਾ ਮਨੋਬਲ ਫਿਰ ਵਧ ਗਿਆ ਹੈ। ਅੱਜ ਜਦੋ 16 ਜੁਲਾਈ ਨੂੰ ਸਵੇਰੇ 11 ਵਜੇ ਹਰਿਆਣਾ-ਪੰਜਾਬ ਸਰਹੱਦ 'ਤੇ ਪੈਂਦੇ ਪਿੰਡ ਕਿੱਲਿਆਂਵਾਲੀ (ਡੱਬਵਾਲੀ) ਮੋਰਚੇ ਤੋਂ ਕਿਸਾਨ ਨੇ ਵਾਹਨਾਂ ਅਤੇ ਟਰੈਕਟਰ-ਟਰਾਲੀਆਂ ਦੇ ਕਾਫਲੇ ਨਾਲ ਖਨੌਰੀ ਬਾਰਡਰ ਲਈ ਕੂਚ ਕਰਨੀ ਚਾਹਿਆ ਤਾਂ ਸਵੇਰੇ 11 ਵਜੇ ਤੋਂ ਹੀ ਹਰਿਆਣਾ ਪੁਲਸ ਨੇ ਆਪਣੀਆਂ ਗੱਡੀਆਂ ਸੜਕ 'ਤੇ ਪਾਰਕ ਕਰਕੇ ਅਤੇ ਵੱਡੇ-ਵੱਡੇ ਪੱਥਰ ਲਗਾ ਕੇ ਰਸਤਾ ਰੋਕ ਦਿੱਤਾ। ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਏਕਤਾ ਬੀ.ਕੇ.ਈ ਦੇ ਪ੍ਰਧਾਨ ਲਖਵਿੰਦਰ ਸਿੰਘ ਔਲਖ ਨੇ ਦੱਸਿਆ ਕਿ ਅਸੀਂ ਪੁਲਸ ਅਧਿਕਾਰੀਆਂ ਨੂੰ ਸਮਝਾਉਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਇਸ ਸਮੇਂ ਅਸੀਂ ਇਸ ਮੋਰਚੇ ਨੂੰ ਪੰਜਾਬ ਦੇ ਖਨੌਰੀ ਬਾਰਡਰ ਵੱਲ ਹੀ ਤਬਦੀਲ ਕਰ ਰਹੇ ਹਾਂ। ਅਸੀਂ ਦਿੱਲੀ ਉਦੋਂ ਹੀ ਜਾਵਾਂਗੇ ਜਦੋਂ ਹਰਿਆਣਾ ਸਰਕਾਰ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਰਾਹ ਖੋਲ੍ਹੇਗੀ। ਅਸੀਂ ਘੋਸ਼ਣਾ ਕਰਨ ਤੋਂ ਬਾਅਦ ਜਾਵਾਂਗੇ ਅਤੇ ਗੁਪਤ ਤੌਰ 'ਤੇ ਦਿੱਲੀ ਦੀ ਯਾਤਰਾ ਨਹੀਂ ਕਰਾਂਗੇ। ਪਰ 11 ਵਜੇ ਤੋਂ ਲੈ ਕੇ ਦੁਪਹਿਰ 3 ਵਜੇ ਤੱਕ ਹਰਿਆਣਾ ਪੁਲਸ ਨੇ ਕਿਸਾਨਾਂ ਦੀ ਗੱਲ ਨਹੀਂ ਸੁਣੀ। ਇਸ ਦੌਰਾਨ ਪੁਲਸ ਵੱਲੋਂ ਲਾਏ ਜਾਮ ਵਿੱਚ ਇੱਕ ਐਂਬੂਲੈਂਸ ਵੀ ਫਸ ਗਈ ਪਰ ਡੱਬਵਾਲੀ (ਹਰਿਆਣਾ) ਪੁਲਸ ਪ੍ਰਸ਼ਾਸਨ ਨੇ ਉਨ੍ਹਾਂ 'ਤੇ ਤਰਸ ਨਾ ਖਾ ਕੇ ਉਨ੍ਹਾਂ ਨੂੰ ਮੋੜ ਦਿੱਤਾ। ਦੁਪਹਿਰ 3 ਵਜੇ ਤੋਂ ਬਾਅਦ ਕਿਸਾਨਾਂ ਦੇ ਵਧਦੇ ਦਬਾਅ ਕਾਰਨ ਪੁਲਸ ਨੂੰ ਕਿਸਾਨਾਂ ਲਈ ਰਸਤਾ ਖੋਲ੍ਹਣਾ ਪਿਆ ਅਤੇ ਕਿਸਾਨਾਂ ਨੇ ਖਨੌਰੀ ਸਰਹੱਦ ਵੱਲ ਮਾਰਚ ਕੀਤਾ।ਲਖਵਿੰਦਰ ਸਿੰਘ ਨੇ ਦੱਸਿਆ ਕਿ ਬੀਕੇਯੂ ਸਿੱਧੂਪੁਰ ਜੱਥੇਬੰਦੀ ਨਾਲ ਜੁੜੇ ਕਿਸਾਨ ਪਿੱਛਲੇ 155 ਦਿਨਾਂ ਤੋਂ ਆਪਣੇ ਟਰੈਕਟਰ-ਟਰਾਲੀਆਂ ਲੈ ਕੇ ਡੱਬਵਾਲੀ ਮੋਰਚੇ ਉੱਪਰ ਆਰਜ਼ੀ ਘਰ ਬਣਾ ਕੇ ਡਟੇ ਹੋਏ ਸਨ ਅਤੇ ਕਿਸਾਨਾਂ ਦਾ ਵੱਡਾ ਕਾਫਲਾ ਆਪਣੇ ਟਰੈਕਟਰ ਟਰਾਲੀ ਆ ਗੱਡੀਆਂ ਅਤੇ ਜੋ ਆਰਜੀ ਘਰ ਬਣਾਏ ਸਨ ਉਹਨਾਂ ਨੂੰ ਟਰਾਲੀਆਂ ਵਿੱਚ ਲੱਦ ਕੇ ਅੱਜ ਰਾਤ ਤੱਕ ਕਿੱਲਿਆਂਵਾਲੀ ਮੋਰਚੇ ਤੋਂ ਖਨੌਰੀ ਬਾਰਡਰ ਉੱਪਰ ਪਹੁੰਚ ਜਾਵੇਗਾ ਅਤੇ ਅਗਲੇ ਦਿਨ 17 ਜੁਲਾਈ ਨੂੰ ਖਨੌਰੀ ਬਾਰਡਰ ਅਤੇ ਸ਼ੰਭੂ ਬਾਰਡਰ ਤੋਂ ਕਿਸਾਨ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਨਵਦੀਪ ਸਿੰਘ ਜਲਬੇੜਾ ਦੀ ਰਿਹਾਈ ਲਈ ਅੰਬਾਲਾ ਦੇ ਐਸ.ਪੀ ਦਫ਼ਤਰ ਪਹੁੰਚਣਗੇ ਅਤੇ ਜਿਵੇਂ ਹੀ ਹਰਿਆਣਾ ਦੀਆਂ ਸਰਹੱਦਾਂ ਖੁੱਲ੍ਹਣਗੀਆਂ ਤਾਂ ਦੋਵੇਂ ਮੋਰਚਿਆ ਤੋਂ ਕਿਸਾਨ ਦਿੱਲੀ ਵੱਲ ਨੂੰ ਕੂਚ ਕਰਨਗੇ। ਇਸ ਮੌਕੇ ਉਹਨਾਂ ਨਾਲ ਰੇਸ਼ਮ ਸਿੰਘ ਯਾਤਰੀ, ਹਰਭਗਵਾਨ ਸਿੰਘ ਲੰਬੀ, ਅਵਤਾਰ ਸਿੰਘ ਮਿਠੜੀ, ਹਰਜਿੰਦਰ ਸਿੰਘ, ਗੋਰਾ ਸਿੰਘ ਗਿੱਦੜਬਾਹਾ, ਬਲਵਿੰਦਰ ਸਿੰਘ ਜੋਧਪੁਰ, ਗੁਰਲਾਲ ਸਿੰਘ ਭੰਗੂ, ਅੰਗਰੇਜ਼ ਸਿੰਘ ਕੋਟਲੀ, ਨੱਥਾ ਸਿੰਘ, ਨਛੱਤਰ ਸਿੰਘ ਚਕੇਰੀਆ, ਕਾਕਾ ਸਿੰਘ ਪੰਜੂਆਣਾ ਆਦਿ ਕਿਸਾਨ ਆਗੂ ਹਾਜਰ।

## ਕੀ ਗੀਤਾ ਕਪੂਰ ਨੇ ਵਿਆਹ ਕਰ ਲਿਆ ਹੈ? ਮਸ਼ਹੂਰ ਕੋਰੀਓਗ੍ਰਾਫਰ ਨੇ ਇਸ ਅਫਵਾਹ 'ਤੇ ਤੋੜੀ ਚੁੱਪੀ



ਮਸ਼ਹੂਰ ਕੋਰੀਓਗ੍ਰਾਫਰ ਗੀਤਾ ਕਪੂਰ ਸੋਨੀ ਟੀ.ਵੀ. ਦੇ ਡਾਂਸ ਰਿਐਲਿਟੀ ਸ਼ੋਅ 'ਇੰਡੀਆਜ਼ ਬੈਸਟ ਡਾਂਸਰ' ਸੀਜ਼ਨ 4 'ਚ ਜੱਜ ਵਜੋਂ ਵਾਪਸੀ ਕਰ ਰਹੀ ਹੈ। ਗੀਤਾ ਕਪੂਰ, 'ਗੀਤਾ ਮਾਂ' ਦੇ ਨਾਂ ਨਾਲ ਮਸ਼ਹੂਰ, ਕੋਰੀਓਗ੍ਰਾਫਰ ਟੇਰੇਂਸ ਲੁਈਸ ਦੇ ਨਾਲ 2020 ਦੇ ਪਹਿਲੇ ਸੀਜ਼ਨ ਤੋਂ ਸ਼ੋਅ ਨੂੰ ਜੱਜ ਕਰ ਰਹੀ ਹੈ। ਸ਼ੋਅ ਦੇ ਤੀਜੇ ਸੀਜ਼ਨ 'ਚ, ਕਰਿਸ਼ਮਾ ਕਪੂਰ ਗੀਤਾ ਅਤੇ ਟੇਰੇਂਸ ਦੇ ਨਾਲ ਜੱਜ ਵਜੋਂ ਸ਼ਾਮਲ ਹੋਈ। ਗੀਤਾ ਕਪੂਰ ਇਕ ਵਾਰ ਫਿਰ ਸ਼ੋਅ ਦੇ ਨਾਲ-ਨਾਲ ਆਪਣੇ ਵਿਆਹ ਨੂੰ ਲੈ ਕੇ ਚਰਚਾ 'ਚ ਆ ਗਈ ਹੈ। ਅਜਿਹੇ 'ਚ ਹੁਣ ਗੀਤਾ ਕਪੂਰ ਨੇ ਆਪਣੇ ਗੁਪਤ ਵਿਆਹ ਦੀਆਂ ਖਬਰਾਂ 'ਤੇ ਚੁੱਪੀ ਤੋੜ ਦਿੱਤੀ ਹੈ।ਗੀਤਾ ਕਪੂਰ ਨੇ ਤਾਜ਼ਾ ਇੰਟਰਵਿਊ 'ਚ ਵਿਆਹ ਦੀਆਂ ਅਫਵਾਹਾਂ 'ਤੇ ਹੈਰਾਨੀ ਜਤਾਈ ਹੈ। ਉਨ੍ਹਾਂ ਨੇ ਕਿਹਾ, ''ਫ਼ਿਲਮ ਇੰਡਸਟਰੀ ਨਾਲ ਜੁੜੇ ਸਾਨੂੰ ਸਾਰਿਆਂ ਨੂੰ ਆਪਣੀ ਨੈੱਟਵਰਥ ਨੂੰ ਲੈ ਕੇ ਅਫਵਾਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਮੈਂ ਕਿਤੇ ਦੇਖਿਆ ਕਿ ਕਿਸੇ ਨੇ ਲਿਖਿਆ ਹੈ ਕਿ ਮੇਰੇ ਕੋਲ ਕਰੋੜਾਂ ਦੀਆਂ ਕਾਰਾਂ ਅਤੇ ਬੰਗਲੇ ਹਨ। ਫਿਰ ਮੈਂ ਹੈਰਾਨ ਹਾਂ ਕਿ ਇਹ ਸਭ ਕਿੱਥੇ ਹਨ? ਮੈਨੂੰ ਵੀ ਪਤਾ ਹੋਣਾ ਚਾਹੀਦਾ ਹੈ?ਗੀਤਾ ਕਪੂਰ ਨੇ ਅੱਗੇ ਕਿਹਾ, "ਮੈਂ ਹੈਰਾਨ ਹਾਂ ਕਿ ਇਹ ਕਰੋੜਾਂ ਦੀਆਂ ਕਾਰਾਂ ਕਿੱਥੇ ਹਨ?" ਮੈਂ ਉਨ੍ਹਾਂ ਨੂੰ ਚਲਾਉਣਾ ਚਾਹੁੰਦੀ ਹਾਂ। ਕਿੱਥੇ ਹਨ ਕਰੋੜਾਂ ਦੇ ਇਹ ਬੰਗਲੇ? ਮੈਂ ਉੱਥੇ ਰਹਿਣਾ ਚਾਹੁੰਦੀ ਹਾਂ। ਮੇਰੇ ਕੋਲ ਇਹ ਕਰੋੜਾਂ ਰੁਪਏ ਕਿਸ ਬੈਂਕ 'ਚ ਹਨ? ਮੈਂ ਉਨ੍ਹਾਂ ਨੂੰ ਖਰਚ ਕਰਨਾ ਚਾਹੁੰਦੀ ਹਾਂ। ਇਸ ਲਈ ਇਹ ਅਫਵਾਹਾਂ ਮੈਨੂੰ ਹੈਰਾਨ ਕਰਦੀਆਂ ਹਨ। ਸਾਡੇ ਕੋਲ ਜੋ ਜਾਇਦਾਦ ਹੈ, ਉਸ ਬਾਰੇ ਸਰਕਾਰ ਨੂੰ ਪਤਾ ਹੈ ਅਤੇ ਅਸੀਂ ਉਸ 'ਤੇ ਟੈਕਸ ਵੀ ਅਦਾ ਕਰਦੇ ਹਾਂ।ਦਿੱਗਜ਼ ਕੋਰੀਓਗ੍ਰਾਫਰ ਨੇ ਅੱਗੇ ਕਿਹਾ, “ਮੇਰੇ ਬਾਰੇ ਇੱਕ ਹੋਰ ਅਫਵਾਹ ਫੈਲ ਰਹੀ ਹੈ ਕਿ ਮੈਂ ਵਿਆਹੀ ਹੋਈ ਹਾਂ। ਮੈਂ ਗੁਪਤ ਵਿਆਹ ਕੀਤਾ ਹੈ, ਜੋ ਮੈਂ ਨਹੀਂ ਕੀਤਾ ਹੈ। ਜੇ ਮੇਰਾ ਵਿਆਹ ਹੋਇਆ ਤਾਂ ਮੈਂ ਮਾਣ ਨਾਲ ਕਹਾਂਗੀ ਕਿ ਹਾਂ, ਮੈਂ ਵਿਆਹੀ ਹੋਈ ਹਾਂ, ਮੇਰੇ ਬਹੁਤ ਸਾਰੇ ਬੱਚੇ ਹਨ। ਇਹ ਅਫਵਾਹਾਂ ਬੰਦ ਹੋਣੀਆਂ ਚਾਹੀਦੀਆਂ ਹਨ।

## ਪੰਜਾਬੀ ਫ਼ਿਲਮਾਂ ਦੇ ਮਸ਼ਹੂਰ ਅਦਾਕਾਰ ਸਰਬਜੀਤ ਚੀਮਾ ਦੇ ਪੁੱਤਰ ਦਾ ਹੋਇਆ ਵਿਆਹ, ਤਸਵੀਰਾਂ ਵਾਇਰਲ



ਹਾਲੀਵੁੱਡ ਸਟਾਰ ਕਿਮ ਕਾਰਦਾਸ਼ੀਅਨ ਅਕਸਰ ਆਪਣੇ ਸਟਾਈਲਿਸ਼ ਅਤੇ ਬੋਲਡ ਲੁੱਕ ਨੂੰ ਲੈ ਕੇ ਸੁਰਖੀਆਂ 'ਚ ਰਹਿੰਦੀ ਹੈ ਪਰ ਪਿਛਲੇ ਦੋ ਦਿਨਾਂ ਤੋਂ ਉਹ ਆਪਣੇ ਦੇਸੀ ਲੁੱਕ ਨੂੰ ਲੈ ਕੇ ਸੁਰਖੀਆਂ 'ਚ ਸੀ। ਦਰਅਸਲ 12 ਜੁਲਾਈ ਨੂੰ ਕਿਮ ਨੇ ਦੇਸ਼ ਦੇ ਕਰੋੜਪਤੀ ਕਾਰੋਬਾਰੀ ਮੁਕੇਸ਼ ਅੰਬਾਨੀ ਦੇ ਬੇਟੇ ਦੇ ਵਿਆਹ 'ਚ ਸ਼ਿਰਕਤ ਕੀਤੀ ਸੀ, ਜਿੱਥੇ ਉਹ ਦੇਸੀ ਲੁੱਕ 'ਚ ਨਜ਼ਰ ਆਈ ਸੀ।ਹੁਣ ਹਾਲ ਹੀ 'ਚ ਉਸ ਨੇ ਅੰਬਾਨੀ ਦੇ ਵਿਆਹ ਦੀਆਂ ਕੁਝ ਤਸਵੀਰਾਂ ਸ਼ੇਅਰ ਕੀਤੀਆਂ ਹਨ, ਜੋ ਇੰਟਰਨੈੱਟ 'ਤੇ ਵਾਇਰਲ ਹੋ ਰਹੀਆਂ ਹਨ।ਸ਼ੇਅਰ ਕੀਤੀਆਂ ਗਈਆਂ ਤਸਵੀਰਾਂ 'ਚ ਕਿਮ ਕਾਰਦਾਸ਼ੀਅਨ ਆਫ ਵ੍ਹਾਈਟ ਰੰਗ ਦੀ ਬੋਲਡ ਡਰੈੱਸ 'ਚ ਨਜ਼ਰ ਆ ਰਹੀ ਹੈ।ਦੱਸ ਦੇਈਏ ਕਿ ਕਿਮ ਕਾਰਦਾਸ਼ੀਅਨ ਨੇ 12 ਜੁਲਾਈ ਨੂੰ ਭੈਣ ਕਲੋਏ ਨਾਲ ਅਨੰਤ-ਰਾਧਿਕਾ ਦੇ ਵਿਆਹ 'ਚ ਸ਼ਿਰਕਤ ਕੀਤੀ ਸੀ ਅਤੇ ਇਸ ਤੋਂ ਬਾਅਦ 13 ਜੁਲਾਈ ਨੂੰ ਜੋੜੇ ਦੇ ਆਸ਼ੀਰਵਾਦ ਸਮਾਰੋਹ 'ਚ ਉਹ ਲਹਿੰਗਾ ਲੁੱਕ 'ਚ ਲਾਈਮਲਾਈਟ ਚੁਰਾਉਂਦੀ ਨਜ਼ਰ ਆਈ ਸੀ।

## ਕੀ ਗੀਤਾ ਕਪੂਰ ਨੇ ਵਿਆਹ ਕਰ ਲਿਆ ਹੈ? ਮਸ਼ਹੂਰ ਕੋਰੀਓਗ੍ਰਾਫਰ ਨੇ ਇਸ ਅਫਵਾਹ 'ਤੇ ਤੋੜੀ ਚੁੱਪੀ



ਸੰਗਰਾਂਦ ਦੇ ਸ਼ੁਭ ਮੌਕੇ 'ਤੇ ਬਹੁਤ ਹੀ ਉਡੀਕੀ ਜਾ ਰਹੀ ਪੰਜਾਬੀ ਸ਼ਰਧਾ ਨਾਲ ਭਰਪੂਰ ਫਿਲਮ "ਬੀਬੀ ਰਜਨੀ" ਦੇ ਕਲਾਕਾਰਾਂ ਨੇ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਸਾਹਿਬ ਦੇ ਵਿਸ਼ੇਸ਼ ਦਰਸ਼ਨ ਕੀਤੇ। ਫਿਲਮ ਦੇ ਨਿਰਦੇਸ਼ਕ ਅਮਰ ਹੁੰਦਲ ਅਤੇ ਸਟਾਰ ਜੱਸ ਬਾਜਵਾ ਦੀ ਅਗਵਾਈ ਵਾਲੀ ਇਸ ਫੇਰੀ ਨੇ ਫਿਲਮ ਦੇ ਡੂੰਘੇ ਅਧਿਆਤਮਿਕ ਤੱਤ ਅਤੇ ਵਿਸ਼ਵਾਸ ਪ੍ਰਤੀ ਵਚਨਬੱਧਤਾ ਨੂੰ ਰੇਖਾਂਕਿਤ ਕੀਤਾ। ਆਪਣੀ ਫੇਰੀ ਦੌਰਾਨ ਟੀਮ ਨੇ ਭਾਈਚਾਰੇ ਵਿੱਚ ਵਿਸ਼ਵਾਸ ਅਤੇ ਵਿਸ਼ਵਾਸ ਦੇ ਬੀਜ ਬੀਜਣ ਲਈ "ਵਿਸ਼ਵਾਸ ਦਾ ਬੂਟਾ" ਪਹਿਲਕਦਮੀ ਸ਼ੁਰੂ ਕੀਤੀ। ਇਹ ਪਹਿਲਕਦਮੀ ਫਿਲਮ ਦੇ ਮੁੱਖ ਸੰਦੇਸ਼ ਨੂੰ ਦਰਸਾਉਂਦੀ ਹੈ, ਜੋ ਅਟੁੱਟ ਵਿਸ਼ਵਾਸ ਅਤੇ ਜੀਵਨ ਦੀਆਂ ਚੁਣੌਤੀਆਂ ਨੂੰ ਪਾਰ ਕਰਨ ਲਈ ਪ੍ਰਦਾਨ ਕੀਤੀ ਤਾਕਤ 'ਤੇ ਕੇਂਦ੍ਰਿਤ ਹੈ।ਟੀਮ ਨੇ ਗੁਰੂਦੁਆਰਾ ਸਾਹਿਬ ਵਿਖੇ ਆਸ਼ੀਰਵਾਦ ਮੰਗਿਆ, ਆਸਥਾ, ਵਿਸ਼ਵਾਸ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਅਧਿਆਤਮਿਕ ਅਨੁਭਵ ਸਾਂਝੇ ਕੀਤੇ। ਇਹ ਦੌਰਾ ਸ਼ਰਧਾ ਭਾਵਨਾ ਨਾਲ ਭਰਿਆ ਹੋਇਆ ਸੀ ਕਿਉਂਕਿ ਟੀਮ ਨੇ ਪਵਿੱਤਰ ਰੀਤੀ ਰਿਵਾਜਾਂ ਵਿੱਚ ਹਿੱਸਾ ਲਿਆ ਅਤੇ ਕਮਿਊਨਿਟੀ ਨਾਲ ਜੁੜਿਆ, ਫਿਲਮ ਦੇ ਅਧਿਆਤਮਿਕ ਲਚਕੀਲੇਪਣ ਅਤੇ ਉਮੀਦ ਦੇ ਸੰਦੇਸ਼ ਨੂੰ ਫੈਲਾਇਆ। ਫਿਲਮ "ਬੀਬੀ ਰਜਨੀ," ਇੱਕ ਔਰਤ ਦੀ ਪ੍ਰੇਰਨਾਦਾਇਕ ਕਹਾਣੀ ਦੱਸਦੀ ਹੈ ਜਿਸਦਾ ਦ੍ਰਿੜ ਵਿਸ਼ਵਾਸ ਉਸਨੂੰ ਮੁਸਕਰਾਹਟ ਨਾਲ ਜੀਵਨ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨ ਦੀ ਤਾਕਤ ਦਿੰਦਾ ਹੈ। ਫਿਲਮ ਆਪਣੇ ਦਿਲੀ ਬਿਰਤਾਂਤ ਅਤੇ ਸ਼ਾਨਦਾਰ ਪ੍ਰਦਰਸ਼ਨ ਨਾਲ ਦਰਸ਼ਕਾਂ ਨੂੰ ਮੋਹਿਤ ਕਰਨ ਦਾ ਵਾਅਦਾ ਕਰਦੀ ਹੈ, ਇੱਕ ਡੂੰਘਾ ਸਿਨੇਮੈਟਿਕ ਅਨੁਭਵ ਪ੍ਰਦਾਨ ਕਰਦੀ ਹੈ।

## ਸ਼ਹੀਦ ਅੰਸ਼ੁਮਨ ਸਿੰਘ ਦੀ ਪਤਨੀ ਸਮਝ ਕੇ Youtuber ਨੂੰ ਕੀਤਾ ਟ੍ਰੋਲ, ਜਾਣੋ ਕੀ ਹੈ ਮਾਮਲਾ



ਕੈਪਟਨ ਅੰਸ਼ੁਮਨ ਸਿੰਘ ਦੀ ਪਤਨੀ ਸਮ੍ਰਿਤੀ ਸਿੰਘ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਕੈਪਟਨ ਅੰਸ਼ੁਮਨ ਸਿੰਘ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੀ ਪਤਨੀ ਨੂੰ ਕੀਰਤੀ ਚੱਕਰ ਦਿੱਤਾ ਗਿਆ। ਪਹਿਲਾਂ ਤਾਂ ਲੋਕਾਂ ਨੇ ਉਸ ਪ੍ਰਤੀ ਹਮਦਰਦੀ ਦਿਖਾਈ, ਫਿਰ ਜਦੋਂ ਉਸ ਦੇ ਸਹੁਰੇ ਵਾਲਿਆਂ ਨੇ ਉਸ 'ਤੇ ਦੋਸ਼ ਲਗਾਏ ਤਾਂ ਸੋਸ਼ਲ ਮੀਡੀਆ 'ਤੇ ਬਹਿਸ ਛਿੜ ਗਈ ਅਤੇ ਉਸ ਨੂੰ ਟ੍ਰੋਲ ਕੀਤਾ ਜਾਣ ਲੱਗਾ। ਉਸ ਨੂੰ ਟ੍ਰੋਲ ਕਰਦੇ ਹੋਏ, ਟ੍ਰੋਲ ਕਰਨ ਵਾਲਿਆਂ ਨੇ ਕੇਰਲ ਦੀ ਫੈਸ਼ਨ ਇੰਫਲੂਸਰ ਰੇਸ਼ਮਾ ਸੇਬੇਸਟੀਅਨ ਨੂੰ ਸਮ੍ਰਿਤੀ ਸਿੰਘ ਸਮਝ ਲਿਆ ਅਤੇ ਉਸ ਨੂੰ ਟ੍ਰੋਲ ਕਰਨਾ ਸ਼ੁਰੂ ਕਰ ਦਿੱਤਾ।ਸੋਸ਼ਲ ਮੀਡੀਆ 'ਤੇ ਜਿਸ ਨੂੰ ਗਾਲ੍ਹਾਂ ਕੱਢੀਆਂ ਜਾ ਰਹੀਆਂ ਸਨ ਉਹ ਅੰਸ਼ੁਮਨ ਸਿੰਘ ਦੀ ਪਤਨੀ ਸਮ੍ਰਿਤੀ ਨਹੀਂ ਬਲਕਿ ਰੇਸ਼ਮਾ ਸੀ, ਜੋ ਇਕ ਇੰਜੀਨੀਅਰ ਅਤੇ ਮਾਡਲ ਹੈ। ਉਹ ਇੱਕ ਯੂਟਿਊਬਰ ਵੀ ਹੈ। ਉਹ ਭਾਰਤ 'ਚ ਨਹੀਂ ਸਗੋਂ ਆਪਣੇ ਪਤੀ ਅਤੇ ਧੀ ਨਾਲ ਜਰਮਨੀ 'ਚ ਰਹਿੰਦੀ ਹੈ। ਉਹ ਸੋਸ਼ਲ ਮੀਡੀਆ 'ਤੇ ਕਾਫੀ ਐਕਟਿਵ ਰਹਿੰਦੀ ਹੈ ਅਤੇ ਵੀਡੀਓ ਅਤੇ ਤਸਵੀਰਾਂ ਸ਼ੇਅਰ ਕਰਦੀ ਰਹਿੰਦੀ ਹੈ। ਰੇਸ਼ਮਾ 2011 ਤੋਂ ਮਾਡਲਿੰਗ ਕਰ ਰਹੀ ਹੈ। ਉਹ ਔਰਤਾਂ ਦੇ ਸਮਰਥਨ 'ਚ ਆਪਣੇ ਵਿਚਾਰ ਜ਼ਾਹਰ ਕਰਦੇ ਹੋਏ ਇੰਸਟਾਗ੍ਰਾਮ 'ਤੇ ਵੀਡੀਓ ਵੀ ਬਣਾਉਂਦੀ ਹੈ, ਹੁਣ ਉਹ ਟ੍ਰੋਲ ਹੋਣ ਕਾਰਨ ਕਾਫੀ ਪਰੇਸ਼ਾਨ ਹੈ, ਕਿਉਂਕਿ ਲੋਕ ਉਸ ਨੂੰ ਸਮ੍ਰਿਤੀ ਸਮਝ ਕੇ ਬੇਇੱਜ਼ਤ ਕਰਦੇ ਹਨ। ਇਸ ਲਈ ਉਸ ਨੇ ਆਪਣਾ ਇੰਸਟਾ ਅਕਾਊਂਟ ਪ੍ਰਾਈਵੇਟ ਕਰ ਲਿਆ ਹੈ।ਰੇਸ਼ਮਾ ਨੇ ਐਤਵਾਰ (14 ਜੁਲਾਈ) ਨੂੰ ਇੰਸਟਾਗ੍ਰਾਮ 'ਤੇ ਸਪੱਸ਼ਟੀਕਰਨ ਦਿੱਤਾ ਸੀ। ਉਨ੍ਹਾਂ ਕਿਹਾ, ''ਮੈਂ ਸਮ੍ਰਿਤੀ ਸਿੰਘ ਨਹੀਂ ਹਾਂ। ਇਹ ਸਮ੍ਰਿਤੀ ਸਿੰਘ (ਭਾਰਤੀ ਫੌਜ ਦੇ ਸਿਪਾਹੀ ਕੈਪਟਨ ਅੰਸ਼ੁਮਨ ਸਿੰਘ ਦੀ ਵਿਧਵਾ) ਦਾ ਪੰਨਾ/ਆਈਜੀ ਖਾਤਾ ਨਹੀਂ ਹੈ। ਪਹਿਲਾਂ ਪ੍ਰੋਫਾਈਲ ਵੇਰਵੇ ਅਤੇ ਬਾਇਓ ਪੜ੍ਹੋ। ਕਿਰਪਾ ਕਰਕੇ ਗਲਤ ਜਾਣਕਾਰੀ ਅਤੇ ਨਫ਼ਰਤ ਵਾਲੀਆਂ ਟਿੱਪਣੀਆਂ ਫੈਲਾਉਣ ਤੋਂ ਬਚੋ।

## ਅਦਾਕਾਰਾ ਸ਼ਹਿਨਾਜ਼ ਗਿੱਲ ਮੁੜ ਸੁਰਖੀਆਂ ਚ, ਟ੍ਰੈਡੀਸ਼ਨਲ ਲੁੱਕ ਨੇ ਮਚਾਈ ਖਲਬਲੀ



ਖ਼ੁਦ ਨੂੰ ਪੰਜਾਬ ਦੀ ਕੈਟਰੀਨਾ ਕੈਫ਼ ਅਖਵਾਉਣ ਵਾਲੀ ਸ਼ਹਿਨਾਜ਼ ਕੌਰ ਗਿੱਲ ਅਕਸਰ ਕਿਸੇ ਨਾਂ ਕਿਸੇ ਕਾਰਨ ਸੁਰਖੀਆਂ 'ਚ ਆ ਹੀ ਜਾਂਦੀ ਹੈ। 'ਬਿੱਗ ਬੌਸ' ਤੋਂ ਬਾਅਦ ਪੰਜਾਬੀ ਫ਼ਿਲਮ ਇੰਡਸਟਰੀ ਦੇ ਨਾਲ-ਨਾਲ ਬਾਲੀਵੁੱਡ 'ਚ ਆਪਣੀ ਵੱਖਰੀ ਪਛਾਣ ਬਣਾਉਣ ਵਾਲੀ ਸ਼ਹਿਨਾਜ਼ ਇੱਕ ਵਾਰ ਫਿਰ ਆਪਣੀ ਨਵੀਂ ਲੁੱਕ ਕਾਰਨ ਚਰਚਾ 'ਚ ਆ ਗਈ ਹੈ।ਜੀ ਹਾਂ, ਇਸ ਵਾਰ ਸ਼ਹਿਨਾਜ਼ ਕੌਰ ਟ੍ਰੈਡੀਸ਼ਨਲ ਲੁੱਕ 'ਚ ਨਜ਼ਰ ਆਈ, ਜਿਸ 'ਚ ਉਹ ਬਹੁਤ ਸੋਹਣੀ ਲੱਗ ਰਹੀ ਹੈ। ਫੈਨਜ਼ ਨੂੰ ਵੀ ਉਸ ਦਾ ਇਹ ਲੁੱਕ ਬਹੁਤ ਪਸੰਦ ਆ ਰਿਹਾ ਹੈ। ਹਾਲ ਹੀ 'ਚ ਸ਼ਹਿਨਾਜ਼ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਆਪਣੀਆਂ ਤਸਵੀਰਾਂ ਸ਼ੇਅਰ ਕੀਤੀਆਂ ਹਨ, ਜੋ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਹੀਆਂ ਹਨ।ਇਨ੍ਹਾਂ ਤਸਵੀਰਾਂ 'ਤੇ ਫੈਨਜ਼ ਵੱਖ-ਵੱਖ ਕੁਮੈਂਟ ਕਰਕੇ ਸ਼ਹਿਨਾਜ਼ ਦੀ ਤਾਰੀਫ਼ ਕਰ ਰਹੇ ਹਨ।ਵਰਕ ਫਰੰਟ ਦੀ ਗੱਲ ਕਰੀਏ ਤਾਂ ਸ਼ਹਿਨਾਜ਼ ਕੌਰ ਗਿੱਲ ਨੇ 'ਬਿੱਗ ਬੌਸ 13' ਤੋਂ ਬਾਅਦ ਬਾਲੀਵੁੱਡ 'ਚ ਆਪਣੀ ਵੱਖਰੀ ਪਛਾਣ ਬਣਾ ਲਈ ਹੈ।'ਬਿੱਗ ਬੌਸ' ਹਾਊਸ 'ਚ ਸ਼ਹਿਨਾਜ਼ ਨੇ ਮਰਹੂਮ ਅਦਾਕਾਰ ਸਿਧਾਰਥ ਸ਼ੁਕਲਾ ਨਾਲ ਆਪਣੀ ਦੋਸਤੀ, ਆਪਣੇ ਪਿਆਰੇ ਤੇ ਚੁੱਲਬੁਲੇ ਅੰਦਾਜ਼ ਨਾਲ ਦਰਸ਼ਕਾਂ ਦਿਲ ਜਿੱਤਿਆ ਸੀ।

## ਸੂਫ਼ੀ ਗਾਇਕਾ ਨੂਰਾ ਸਿਸਟਰ ਦੀ ਗੱਡੀ 'ਤੇ ਹਮਲਾ, ਅੱਧੀ ਰਾਤ ਲੁਟੇਰਿਆਂ ਨੇ ਲਿਆ ਘੇਰ



ਸੂਫ਼ੀ ਗਾਇਕਾ ਜੋਤੀ ਨੂਰਾ ਤੇ ਉਸ ਦੇ ਸਾਥੀਆਂ ਦਾ ਬੀ. ਐੱਮ. ਸੀ. ਚੌਕ ਕੋਲ 24 Seven ਸਟੋਰ ਦੇ ਬਾਹਰ ਸੋਮਵਾਰ ਦੇਰ ਰਾਤ ਲੁਟੇਰਿਆ ਨੇ ਘੇਰ ਲਿਆ। ਜੋਤੀ ਨੂਰਾ ਸਿਸਟਰ ਨਾਲ ਕੰਮ ਕਰਨ ਵਾਲੇ ਵਿਅਕਤੀ ਨੇ ਦੱਸਿਆ ਕਿ ਅਸੀਂ ਵਡਾਲਾ ਚੌਕ ਕੋਲ ਸਮਾਗਮ ਤੋਂ ਪਰਤ ਰਹੇ ਸੀ। ਇਸ ਦੌਰਾਨ ਗੁਰੂ ਨਾਨਕ ਚੌਕ ਕੋਲੋਂ ਕੁਝ ਮੋਟਰ ਸਾਈਕਲ ਸਵਾਰ ਨੌਜਵਾਨਾਂ ਨੇ ਗੱਡੀ 'ਤੇ ਦਾਤਰਾਂ ਨਾਲ ਹਮਲਾ ਕਰ ਦਿੱਤਾ।2 ਨੌਜਵਾਨ ਮੌਕੇ 'ਤੇ ਹੀ ਭੱਜ ਗਏ ਜਦੋਂ ਕਿ ਤੀਜੇ ਸਾਥੀ ਨੂੰ ਫੜ੍ਹ ਲਿਆ ਗਿਆ। ਇਸ ਦੀ ਜਾਣਕਾਰੀ ਗਾਇਕਾ ਵਲੋਂ ਪੁਲਸ ਨੂੰ ਦਿੱਤੀ। ਜਦੋਂ ਪੁਲਸ ਨੇ ਨੌਜਵਾਨ ਨੂੰ ਹਿਰਾਸਤ 'ਚ ਲਿਆ ਤਾਂ ਪਤਾ ਲੱਗਾ ਕਿ ਉਹ ਨਾਬਾਲਿਗ ਹੈ। ਫਿਲਹਾਲ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਦੱਸਣਯੋਗ ਹੈ ਕਿ ਪੁਲਸ ਅਧਿਕਾਰੀ ਨਿਰਮਲ ਸਿੰਘ ਨੇ ਦੱਸਿਆ ਕਿ ਸਵੇਰੇ ਤੜਕਸਾਰ 4 ਵਜੇ ਦੇ ਕਰੀਬ ਇਕ ਮੋਟਰਸਾਈਕਲ 'ਤੇ ਸਵਾਰ 3 ਨੌਜਵਾਨ ਜੋ ਇਕ ਫੂਡ ਡਿਲਵਰੀ ਬੁਆਏ ਦਾ ਮੋਬਾਇਲ ਖੋ ਕੇ ਭੱਜ ਰਹੇ ਸਨ, ਜਦੋਂ ਇਕ ਦੀ ਜਾਣਕਾਰੀ ਨੂਰਾ ਸਿਸਟਰ ਨੂੰ ਲੱਗੀ ਤਾਂ ਉਨ੍ਹਾਂ ਨੇ ਆਪਣੀ ਗੱਡੀ ਮੋਟਰ ਸਾਈਕਲ ਪਿੱਛੇ ਦੌੜਾ ਲਈ।ਇਸੇ ਦੌਰਾਨ ਉਨ੍ਹਾਂ ਨੇ ਆਪਣੀ ਗੱਡੀ ਨਾਲ ਮੋਟਰ ਸਾਈਕਲ ਚਾਲਕ ਨੂੰ ਟੱਕਰ ਮਾਰ ਕੇ ਹੇਠਾਂ ਸੁੱਟ ਲਿਆ। ਇਸ ਦੌਰਾਨ 2 ਨੌਜਵਾਨ ਮੌਕੇ 'ਤੇ ਭੱਜ ਗਏ ਤੇ 1 ਨੂੰ ਕਾਬੂ ਕਰ ਲਿਆ ਗਿਆ। ਪੁਲਸ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਕਾਬੂ ਕੀਤਾ ਗਿਆ ਨੌਜਵਾਨ ਨਾਬਾਲਿਗ ਹੈ, ਜਿਸ ਦੀ ਉਮਰ 13 ਸਾਲ ਦੱਸੀ ਜਾ ਰਹੀ ਹੈ। ਉਥੇ ਹੀ ਦੂਜੇ ਪਾਸੇ ਪੁਲਸ ਨੇ ਪੀੜਤ ਫੂਡ ਡਿਲਵਰੀ ਬੁਆਏ ਦੇ ਬਿਆਨਾਂ ਦੇ ਆਧਾਰ 'ਤੇ ਤਿੰਨਾਂ ਨੌਜਵਾਨਾਂ 'ਤੇ ਲੁੱਟ ਖੋਹ ਦਾ ਪਰਚਾ ਦਰਜ ਕਰ ਲਿਆ ਗਿਆ ਹੈ।

## ਅਲਾਇਆ ਨੇ ਸ਼ੋਅ ‘ਦਿਲ ਕੋ ਤੁਮਸੇ ਪਿਆਰ ਹੁਆ’ ਦੇ ਪ੍ਰੋਮੋ ’ਤੇ ਸਾਂਝੇ ਕੀਤੇ ਵਿਚਾਰ



ਸਟਾਰ ਪਲੱਸ ਨੇ ਆਪਣੇ ਨਵੇਂ ਸ਼ੋਅ ‘ਦਿਲ ਕੋ ਤੁਮਸੇ ਪਿਆਰ ਹੁਆ’ ਨਾਲ ਨਵੀਂ ਦੁਨੀਆ ’ਚ ਪ੍ਰਵੇਸ਼ ਕੀਤਾ ਹੈ। ਸ਼ੋਅ ਵਿਚ ਅਦਿਤੀ ਤ੍ਰਿਪਾਠੀ (ਦੀਪਿਕਾ) ਤੇ ਅਕਸ਼ਿਤ ਸੁਖੀਜਾ (ਚਿਰਾਗ) ਮੁੱਖ ਭੂਮਿਕਾਵਾਂ ’ਚ ਹਨ। ਰਾਜਸਥਾਨ ਦੀ ਪਿੱਠਭੂਮੀ ’ਤੇ ਬਣੀ ‘ਦਿਲ ਕੋ ਤੁਮਸੇ ਪਿਆਰ ਹੁਆ’ ਦੀਪਿਕਾ-ਚਿਰਾਗ ਦੀ ਕਹਾਣੀ ਹੈ। ਨਿਰਮਾਤਾਵਾਂ ਨੇ ਹਾਲ ਹੀ ’ਚ ਸ਼ੋਅ ਦਾ ਇਕ ਦਿਲਚਸਪ ਪ੍ਰੋਮੋ ਜਾਰੀ ਕੀਤਾ ਹੈ, ਜਿਸ ਵਿਚ ਦੀਪਿਕਾ ਦੇ ਭਾਵਨਾਤਮਕ ਸੰਘਰਸ਼ ਅਤੇ ਉਸ ਦੀ ਜ਼ਿੰਦਗੀ ’ਚ ਦਰਪੇਸ਼ ਚੁਣੌਤੀਆਂ ਨੂੰ ਦਰਸਾਇਆ ਗਿਆ ਹੈ। ਪ੍ਰੋਮੋ ਤੋਂ ਇਲਾਵਾ ਬਾਲੀਵੁੱਡ ਸਟਾਰ ਅਲਾਇਆ ਐੱਫ. ਨੇ ਵਿਸ਼ੇਸ਼ ਸੰਦੇਸ਼ ਦਿੱਤਾ ਹੈ। ਅਲਾਇਆ ਦੇ ਵਿਚਾਰ ਕਿ ਕੀ ਉਹ ਫੇਅਰੀ ਟੇਲਸ ਹੋਣ ’ਤੇ ਵਿਸ਼ਵਾਸ ਕਰਦੀ ਹੈ ਜਾਂ ਨਹੀਂ : “ਫੇਅਰੀ ਟੇਲਸ ਮਜ਼ੇਦਾਰ ਲੱਗਦੀਆਂ ਹਨ, ਪਰ ਮੈਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਖ਼ਤ ਮਿਹਨਤ ਵਿਚ ਵਿਸ਼ਵਾਸ ਕਰਦੀ ਹਾਂ, ਭਾਵੇਂ ਉਹ ਪਿਆਰ ਹੋਵੇ, ਪਰਿਵਾਰ ਜਾਂ ਕਰੀਅਰ ਹੋਵੇ।’’ ਸ਼ੋਅ ਸਟਾਰ ਪਲੱਸ ’ਤੇ ਸ਼ਾਮ 7 ਵਜੇ ਪ੍ਰਸਾਰਿਤ ਹੋਵੇਗਾ।

## ਬੱਬੂ ਮਾਨ ਪਹੁੰਚੇ ਗਾਇਕ ਦਰਸ਼ਨ ਲੱਖਾ ਦੇ ਪਿੰਡ, ਫੈਨਜ਼ ਦਾ ਲੱਗਾ ਤਾਂਤਾ



ਨੌਜਵਾਨਾਂ ਦੇ ਪਸੰਦੀਦਾ ਪ੍ਰਸਿੱਧ ਪੰਜਾਬੀ ਗਾਇਕ ਬੱਬੂ ਮਾਨ ਬੀਤੇ ਦਿਨੀਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਲੱਖਾ ਵਿਖੇ ਆਪਣੇ ਸ਼ਾਗਿਰਦ ਅਤੇ ਪਿੰਡ ਲੱਖਾ ਦੇ ਸਧਾਰਨ ਪਰਿਵਾਰ 'ਚ ਜਨਮੇ ਪੰਜਾਬੀ ਗਾਇਕ ਦਰਸ਼ਨ ਸਿੰਘ ਲੱਖਾ ਦੇ ਗ੍ਰਹਿ ਵਿਖੇ ਪੁੱਜੇ। ਗਾਇਕ ਦਰਸ਼ਨ ਲੱਖਾ ਦੇ ਪਿਤਾ ਸ. ਸਾਧੂ ਸਿੰਘ ਲੱਖਾ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਜਿਸ ਦੀ ਖ਼ਬਰ ਜਦੋਂ ਗਾਇਕ ਬੱਬੂ ਮਾਨ ਨੂੰ ਮਿਲੀ ਤਾਂ ਉਹ ਆਪਣੇ ਸ਼ਾਗਿਰਦ ਦਰਸ਼ਨ ਲੱਖਾ ਤੇ ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਲਈ ਉਚੇਚੇ ਤੌਰ 'ਤੇ ਪੁੱਜੇ। ਇਸ ਮੌਕੇ ਪ੍ਰਸਿੱਧ ਢਾਡੀ ਜਸਵੰਤ ਸਿੰਘ ਦੀਵਾਨਾ ਤੇ ਲੇਖਕ ਅਜੀਤ ਅਖਾੜਾ ਨੇ ਵੀ ਦੁੱਖ ਸਾਂਝਾ ਕੀਤਾ।

# ਯਮਨ ਦੇ ਹੂਤੀ ਵਿਦਰੋਹੀਆਂ ਨੇ ਲਾਲ ਸਾਗਰ ਵਿੱਚ ਦੋ ਜਹਾਜ਼ਾਂ 'ਤੇ ਕੀਤਾ ਹਮਲਾ



ਯਮਨ ਦੇ ਹੂਤੀ ਬਾਗੀਆਂ ਨੇ ਸੋਮਵਾਰ ਨੂੰ ਦੋ ਜਹਾਜ਼ਾਂ 'ਤੇ ਹਮਲਾ ਕੀਤਾ ਕਿਉਂਕਿ ਲਾਲ ਸਾਗਰ ਵਿੱਚ ਅੰਤਰਰਾਸ਼ਟਰੀ ਵਪਾਰ ਮਾਰਗ ਦੀ ਸੁਰੱਖਿਆ ਲਈ ਇੱਕ ਨਵੇਂ ਅਮਰੀਕੀ ਜਹਾਜ਼ ਕੈਰੀਅਰ ਨੂੰ ਤਾਇਨਾਤ ਕੀਤਾ ਗਿਆ ਸੀ। ਇਜ਼ਰਾਈਲ-ਹਮਾਸ ਸੰਘਰਸ਼ ਦੀ ਸ਼ੁਰੂਆਤ ਤੋਂ ਹੀ ਇਸ ਮਾਰਗ 'ਤੇ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਬ੍ਰਿਟਿਸ਼ ਅਤੇ ਅਮਰੀਕੀ ਅਧਿਕਾਰੀਆਂ ਦੇ ਅਨੁਸਾਰ, ਹੂਤੀ ਬਾਗੀਆਂ ਦੇ ਤਿੰਨ ਛੋਟੇ ਜਹਾਜ਼ਾਂ ਨੇ ਯਮਨ ਦੇ ਅਲ ਹੁਦਾਦਾਹ ਤੱਟ ਤੋਂ ਪਨਾਮਾ ਦੇ ਝੰਡੇ ਵਾਲੇ ਅਤੇ ਇਜ਼ਰਾਈਲ ਦੀ ਮਲਕੀਅਤ ਵਾਲੇ ਐਮਟੀ ਬੈਂਟਲੇ ਆਈ ਨੂੰ ਨਿਸ਼ਾਨਾ ਬਣਾਇਆ। ਹੂਤੀ ਦੇ ਤਿੰਨ ਜਹਾਜ਼ਾਂ ਵਿੱਚੋਂ ਸਿਰਫ਼ ਦੋ 'ਤੇ ਹੀ ਚਾਲਕ ਸਨ ਅਤੇ ਇੱਕ ਮਨੁੱਖ ਰਹਿਤ ਸੀ। ਬ੍ਰਿਟਿਸ਼ ਫੌਜ ਦੇ ਯੂਨਾਈਟਿਡ ਕਿੰਗਡਮ ਮੈਰੀਟਾਈਮ ਟਰੇਡ ਓਪਰੇਸ਼ਨ ਸੈਂਟਰ (ਯੂਕੇਐਮਟੀਓ) ਨੇ ਕਿਹਾ ਕਿ ਕਥਿਤ ਤੌਰ 'ਤੇ ਮਾਨਵ ਰਹਿਤ ਜਹਾਜ਼ ਦੋ ਵਾਰ ਜਹਾਜ਼ ਨਾਲ ਟਕਰਾ ਗਿਆ, ਜਦੋਂ ਕਿ ਦੋ ਮਨੁੱਖੀ ਜਹਾਜ਼ਾਂ ਨੇ ਗੋਲੀਬਾਰੀ ਕੀਤੀ।" ਇਸ ਨੇ ਦੱਸਿਆ ਕਿ ਜਹਾਜ਼ ਨੇ ਸੁਰੱਖਿਆ ਉਪਾਅ ਕੀਤੇ ਅਤੇ 15 ਮਿੰਟ ਬਾਅਦ ਹਮਲੇ ਬੰਦ ਹੋ ਗਏ।' ' ਬਾਅਦ ਵਿੱਚ ਕਪਤਾਨ ਨੇ ਦੱਸਿਆ ਕਿ ਲਗਾਤਾਰ ਤਿੰਨ ਮਿਜ਼ਾਈਲ ਹਮਲੇ ਕੀਤੇ ਗਏ ਜੋ ਜਹਾਜ਼ ਦੇ ਬਹੁਤ ਨੇੜੇ ਫਟ ਗਏ। ਯੂਕੇਐਮਟੀਓ ਨੇ ਕਿਹਾ ਕਿ ਬਾਅਦ ਵਿੱਚ ਸੋਮਵਾਰ ਨੂੰ, ਉਸੇ ਤੱਟ ਤੋਂ ਇੱਕ ਵੱਖਰੀ ਘਟਨਾ ਵਿੱਚ, ਲਾਇਬੇਰੀਅਨ-ਝੰਡੇ ਵਾਲੇ ਜਹਾਜ਼ ਐਮਟੀ ਚਿਓਸ ਲਾਇਨ ਉੱਤੇ ਇੱਕ ਮਾਨਵ ਰਹਿਤ ਹੋਤੀ ਡਰੋਨ ਦੁਆਰਾ ਹਮਲਾ ਕੀਤਾ ਗਿਆ ਸੀ। ਇਹ ਜਹਾਜ਼ ਮਾਰਸ਼ਲ ਟਾਪੂ ਦੀ ਮਲਕੀਅਤ ਸੀ ਅਤੇ ਤੇਲ ਟੈਂਕਰ ਲੈ ਕੇ ਜਾ ਰਿਹਾ ਸੀ। ਇਸ ਵਿਚ ਕਿਹਾ ਗਿਆ ਹੈ ਕਿ ਦੋਵੇਂ ਜਹਾਜ਼ ਅਤੇ ਚਾਲਕ ਦਲ ਦੇ ਸਾਰੇ ਮੈਂਬਰ ਸੁਰੱਖਿਅਤ ਹਨ। ਹੂਤੀ ਬਾਗੀਆਂ ਨੇ ਬੈਂਟਲੇ ਆਈ ਅਤੇ ਚਿਓਸ ਲਾਇਨ 'ਤੇ ਹਮਲਿਆਂ ਦੀ ਜ਼ਿੰਮੇਵਾਰੀ ਲਈ ਹੈ।

# ਓਮਾਨ ਦੀ ਮਸਜਿਦ ਚ ਗੋਲੀਬਾਰੀ; ਇਕ ਭਾਰਤੀ ਸਮੇਤ 6 ਲੋਕਾਂ ਦੀ ਮੌਤ, 3 ਹਮਲਾਵਰ ਵੀ ਢੇਰ



ਓਮਾਨ ਦੀ ਰਾਜਧਾਨੀ ਮਸਕਟ 'ਚ ਇਕ ਮਸਜਿਦ ਕੋਲ ਸੋਮਵਾਰ ਨੂੰ ਤਾਬੜਤੋੜ ਗੋਲੀਬਾਰੀ ਹੋਈ। ਓਮਾਨ ਦੇ ਵਿਦੇਸ਼ ਮੰਤਰੀ ਨੇ ਜਾਣਕਾਰੀ ਦਿੱਤੀ ਹੈ ਕਿ ਇਸ ਗੋਲੀਬਾਰੀ ਵਿਚ ਇਕ ਭਾਰਤੀ ਨਾਗਰਿਕ ਦੀ ਜਾਨ ਚਲੀ ਗਈ ਅਤੇ ਇਕ ਵਿਅਕਤੀ ਜ਼ਖਮੀ ਹੋ ਗਿਆ। ਇਸ ਗੋਲੀਬਾਰੀ 'ਚ ਮਰਨ ਵਾਲਿਆਂ ਦੀ ਕੁੱਲ ਗਿਣਤੀ 6 ਹੈ, ਜਿਨ੍ਹਾਂ ਵਿੱਚੋਂ 4 ਪਾਕਿਸਤਾਨ ਦੇ ਹਨ।

**ਫਾਇਰਿੰਗ 'ਚ 30 ਤੋਂ ਜ਼ਿਆਦਾ ਲੋਕ ਹੋਏ ਜ਼ਖਮੀ**

ਰਾਇਲ ਓਮਾਨ ਪੁਲਸ ਨੇ ਇਕ ਬਿਆਨ ਵਿਚ ਕਿਹਾ ਕਿ ਗੋਲੀਬਾਰੀ ਸੋਮਵਾਰ ਰਾਤ ਨੂੰ ਓਮਾਨ ਦੀ ਰਾਜਧਾਨੀ ਮਸਕਟ ਦੇ ਵਾਦੀ ਕਬੀਰ ਇਲਾਕੇ ਵਿਚ ਹੋਈ। ਓਮਾਨ ਦੀ ਸਰਕਾਰੀ ਨਿਊਜ਼ ਏਜੰਸੀ ਨੇ ਦੱਸਿਆ ਕਿ ਤਿੰਨ ਹਮਲਾਵਰ ਮਾਰੇ ਗਏ ਹਨ। ਏਜੰਸੀ ਨੇ ਦੱਸਿਆ ਕਿ ਇਸ ਘਟਨਾ 'ਚ ਵੱਖ-ਵੱਖ ਦੇਸ਼ਾਂ ਦੇ 30 ਨਾਗਰਿਕ ਜ਼ਖਮੀ ਹੋਏ ਹਨ। ਜਾਣਕਾਰੀ ਮੁਤਾਬਕ ਆਈ.ਐੱਸ.ਆਈ.ਐੱਸ ਜਥੇਬੰਦੀ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਗੋਲੀਬਾਰੀ ਦੀ ਘਟਨਾ ਆਸ਼ੂਰਾ ਦੀ ਸ਼ਾਮ ਨੂੰ ਵਾਪਰੀ। ਆਸ਼ੂਰਾ ਪੈਗੰਬਰ ਮੁਹੰਮਦ ਦੇ ਪੋਤੇ ਇਮਾਮ ਹੁਸੈਨ ਦੀ ਸ਼ਹਾਦਤ ਦੀ ਯਾਦ ਵਿਚ ਮਨਾਇਆ ਜਾਂਦਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਉਹ ਇਮਾਮ ਬਾਰਗਾਹ ਅਲੀ ਬਿਨ ਅਬੂ ਤਾਲਿਬ ਮਸਜਿਦ 'ਤੇ ਕਾਇਰਾਨਾ ਅੱਤਵਾਦੀ ਹਮਲੇ ਦੀ ਸਖਤ ਨਿੰਦਾ ਕਰਦਾ ਹੈ। ਪਾਕਿਸਤਾਨ ਦੇ ਸੂਚਨਾ ਦਫ਼ਤਰ ਵੱਲੋਂ ਜਾਰੀ ਇਕ ਵੱਖਰੇ ਬਿਆਨ ਵਿਚ ਕਿਹਾ ਗਿਆ ਹੈ ਕਿ ਸਰਕਾਰ ਨੂੰ ਖੁਸ਼ੀ ਹੈ ਕਿ ਓਮਾਨ ਸਰਕਾਰ ਨੇ ਹਮਲਾਵਰਾਂ ਨੂੰ ਮਾਰ ਦਿੱਤਾ ਹੈ ਅਤੇ ਪਾਕਿਸਤਾਨ ਨੇ ਮੁਹੱਰਮ ਦੇ ਪਵਿੱਤਰ ਮਹੀਨੇ ਵਿਚ ਇਸ ਘਿਨਾਉਣੇ ਅਪਰਾਧ ਲਈ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿਚ ਲਿਆਉਣ ਲਈ ਮਦਦ ਦੀ ਪੇਸ਼ਕਸ਼ ਕੀਤੀ ਹੈ।

# ਹਰਮੀਤ ਢਿੱਲੋਂ ਵਲੋਂ ਕਨਵੈਨਸ਼ਨ' ਚ 'ਅਰਦਾਸ' ਕਰਨ ਕਾਰਨ ਸੋਸ਼ਲ ਮੀਡੀਆ 'ਤੇ ਵਧੀ ਹਲਚਲ



15 ਜੁਲਾਈ ਨੂੰ ਅਮਰੀਕੀ ਵਕੀਲ ਅਤੇ ਰਿਪਬਲਿਕਨ ਪਾਰਟੀ ਦੀ ਆਗੂ ਹਰਮੀਤ ਢਿੱਲੋਂ ਨੇ ਮਿਲਵਾਕੀ ਵਿੱਚ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਦੀ ਮੌਜੂਦਗੀ ਵਿੱਚ 'ਸਿੱਖ ਅਰਦਾਸ' ਨਾਲ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਦੀ ਸਮਾਪਤੀ ਕੀਤੀ। ਢਿੱਲੋਂ ਦੀ ਪ੍ਰਾਰਥਨਾ ਨੇ ਸੋਸ਼ਲ ਮੀਡੀਆ 'ਤੇ ਹਲਚਲ ਮਚਾ ਦਿੱਤੀ ਹੈ। ਇਸ ਨੂੰ ਈਸਾਈ-ਵਿਰੋਧੀ ਦੱਸਿਆ ਜਾ ਰਿਹਾ ਹੈ। ਬਹੁਤ ਸਾਰੇ ਲੋਕਾਂ ਨੂੰ ਇਹ ਅਸਵੀਕਾਰਨਯੋਗ ਅਤੇ ਸਪੱਸ਼ਟ ਤੌਰ 'ਤੇ ਨਿੰਦਣਯੋਗ ਲੱਗਿਆ। ਹਾਲਾਂਕਿ ਢਿੱਲੋਂ ਨੇ ਕਈ ਮੌਕਿਆਂ 'ਤੇ ਖਾਲਿਸਤਾਨੀ ਪੱਖੀ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਹੈ। ਇਸ ਤੋਂ ਪਹਿਲਾਂ ਉਸਨੇ ਭਾਰਤ ਸਰਕਾਰ 'ਤੇ ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਨੂੰ ਮਾਰਨ, ਖਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ 'ਤੇ ਹਮਲੇ ਦੀ ਯੋਜਨਾ ਬਣਾਉਣ ਅਤੇ ਵਿਦੇਸ਼ੀ ਧਰਤੀ 'ਤੇ ਖਾਲਿਸਤਾਨ ਪੱਖੀ ਤੱਤਾਂ ਨੂੰ ਮਾਰਨ ਦੇ ਦੋਸ਼ ਲਾਉਂਦਿਆਂ ਨਿਸ਼ਾਨਾ ਸਾਧਿਆ ਹੈ। ਹਰਮੀਤ ਢਿੱਲੋਂ ਨੂੰ ਸੋਸ਼ਲ ਮੀਡੀਆ 'ਤੇ "ਵਿਦੇਸ਼ੀ ਦੇਵਤੇ" ਦੀ ਪ੍ਰਾਰਥਨਾ ਕਰਨ ਲਈ ਟ੍ਰੋਲ ਕੀਤਾ ਜਾ ਰਿਹਾ ਹੈ। ਟਵਿੱਟਰ 'ਤੇ ਇਸ ਦੇ ਵਿਰੋਧ ਵਿਚ ਸਥਾਨਕ ਲੋਕਾਂ ਨੇ ਕੁਮੈਂਟ ਕਰਨੇ ਸ਼ੁਰੂ ਕਰ ਦਿੱਤੇ ਹਨ। X ਯੂਜ਼ਰ BehizyTweets ਨੇ ਲਿਖਿਆ, "ਬਿਲਕੁਲ ਅਸਵੀਕਾਰਨਯੋਗ!! ਮੇਰੇ ਕੋਲ ਹਰਮੀਤ ਢਿੱਲੋਂ ਲਈ ਸਤਿਕਾਰ ਤੋਂ ਇਲਾਵਾ ਹੋਰ ਕੁਝ ਨਹੀਂ ਹੈ ਪਰ ਅੱਗ ਜਿਸ ਨੇ ਵੀ ਉਸ ਨੂੰ ਕਿਸੇ ਵਿਦੇਸ਼ੀ ਦੇਵਤੇ ਨੂੰ ਪ੍ਰਾਰਥਨਾ ਕਰਨ ਲਈ ਬੁਲਾਇਆ, ਸਿਰਫ ਇੱਕ ਸੱਚਾ ਰੱਬ ਹੈ ਜਿਸ ਨੂੰ ਅਸੀਂ ਪ੍ਰਾਰਥਨਾ ਕਰਦੇ ਹਾਂ ਅਤੇ ਉਸਦਾ ਨਾਮ ਉਹ ਨਹੀਂ ਹੈ ਜੋ ਉਸਨੇ ਕਿਹਾ ਹੈ। ਉਸਦਾ ਨਾਮ ਯਹੋਵਾਹ ਹੈ ਅਤੇ ਉਸਦਾ ਇਕਲੌਤਾ ਪੁੱਤਰ ਯਿਸੂ ਮਸੀਹ ਹੈ।"

# ਓਮਾਨ ਦੀ ਮਸਜਿਦ ਚ ਗੋਲੀਬਾਰੀ; ਇਕ ਭਾਰਤੀ ਸਮੇਤ 6 ਲੋਕਾਂ ਦੀ ਮੌਤ, 3 ਹਮਲਾਵਰ ਵੀ ਢੇਰ




ਕਤਰ 'ਚ ਹੁਣ ਭਾਰਤੀ QR ਕੋਡ ਸਕੈਨ ਕਰਕੇ UPI ਜ਼ਰੀਏ ਭੁਗਤਾਨ ਕਰ ਸਕਣਗੇ, ਕਿਉਂਕਿ NPCI ਇੰਟਰਨੈਸ਼ਨਲ ਪੇਮੈਂਟਸ (NIPL) ਨੇ ਕਤਰ ਵਿਚ ਹੈੱਡਕੁਆਰਟਰ ਵਾਲੀ ਮੱਧ-ਪੂਰਬ ਅਤੇ ਅਫਰੀਕਾ ਦੀ ਸਭ ਤੋਂ ਵੱਡੀ ਵਿੱਤੀ ਸੰਸਥਾ QNB ਨਾਲ ਇਕ ਸਮਝੌਤੇ 'ਤੇ ਹਸਤਾਖਰ ਕੀਤੇ ਹਨ।NPCI ਇੰਟਰਨੈਸ਼ਨਲ ਦੇ ਪਾਰਟਨਰਸ਼ਿਪ ਅਤੇ ਬਿਜ਼ਨਸ ਡਿਵੈਲਪਮੈਂਟ ਦੇ ਡਿਪਟੀ ਹੈੱਡ ਅਨੁਭਵ ਸ਼ਰਮਾ ਨੇ ਕਿਹਾ, "ਸਾਡਾ ਮੰਨਣਾ ਹੈ ਕਿ ਕਤਰ ਵਿਚ UPI ਸਵੀਕ੍ਰਿਤੀ ਨੂੰ ਸਮਰੱਥ ਬਣਾਉਣ ਨਾਲ ਦੇਸ਼ ਵਿਚ ਆਉਣ ਵਾਲੇ ਵੱਡੀ ਗਿਣਤੀ 'ਚ ਭਾਰਤੀਆਂ ਨੂੰ ਲਾਭ ਹੋਵੇਗਾ ਅਤੇ ਉਨ੍ਹਾਂ ਦੇ ਲੈਣ-ਦੇਣ ਨੂੰ ਸਰਲ ਬਣਾਇਆ ਜਾਵੇਗਾ।"NPCI ਦੁਆਰਾ ਜਾਰੀ ਇਕ ਰਿਲੀਜ਼ 'ਚ ਕਿਹਾ ਗਿਆ ਹੈ ਕਿ ਖਾੜੀ ਸਹਿਯੋਗ ਪ੍ਰੀਸ਼ਦ (GCC) ਦੇਸ਼ਾਂ ਦਾ ਦੌਰਾ ਕਰਨ ਵਾਲੇ ਭਾਰਤੀ ਸੈਲਾਨੀਆਂ ਦੀ ਸੰਖਿਆ 2024 ਵਿਚ 9.8 ਮਿਲੀਅਨ ਤੱਕ ਪਹੁੰਚਣ ਦਾ ਅਨੁਮਾਨ ਹੈ, ਜਦੋਂ ਕਿ UAE ਨੂੰ ਭਾਰਤ ਤੋਂ 5.29 ਮਿਲੀਅਨ ਸੈਲਾਨੀਆਂ ਦੇ ਆਉਣ ਦੀ ਉਮੀਦ ਹੈ।

# ਕੈਨੇਡਾ 'ਚ ਲਗਾਤਾਰ ਵਧ ਰਹੀ ਪ੍ਰਵਾਸੀਆਂ ਦੀ ਗਿਣਤੀ, ਬੇਰੁਜ਼ਗਾਰੀ ਤੇ ਰਿਹਾਇਸ਼ੀ ਸੰਕਟ ਸਮੇਤ ਇਹ ਮੁੱਦੇ ਬਣੇ ਵੱਡੀ ਚੁਣੌਤੀ



ਕੈਨੇਡਾ ਵਿੱਚ ਰਹਿ ਰਹੇ ਭਾਰਤੀਆਂ ਲਈ ਬੇਰੁਜ਼ਗਾਰੀ ਅਤੇ ਰਿਹਾਇਸ਼ੀ ਸੰਕਟ ਦਾ ਮੁੱਦਾ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਦੇ ਨਾਲ ਹੀ ਸਭ ਤੋਂ ਵੱਡੀ ਇਕ ਹੋਰ ਚੁਣੌਤੀ ਹੈਲਥ ਕੇਅਰ ਵੀ ਨਵਾਂ ਸੰਕਟ ਬਣ ਕੇ ਉਭਰਿਆ ਹੈ। ਜਿਵੇਂ-ਜਿਵੇਂ ਇੱਥੇ ਨਵੇਂ ਪਰਵਾਸੀਆਂ ਦੀ ਗਿਣਤੀ ਵਧ ਰਹੀ ਹੈ, ਉੱਥੇ ਲੋਕਾਂ ਨੂੰ ਨੌਕਰੀਆਂ ਵੀ ਨਹੀਂ ਮਿਲ ਰਹੀਆਂ ਹਨ। ਕੈਨੇਡਾ ਦੀ ਆਰਥਿਕਤਾ ਅਨੁਸਾਰ ਨੌਕਰੀਆਂ ਦੀਆਂ ਅਸਾਮੀਆਂ ਆਉਂਦੀਆਂ ਰਹਿੰਦੀਆਂ ਹਨ ਪਰ ਇੱਥੇ ਪ੍ਰਵਾਸੀਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਜਿਸ ਕਾਰਨ ਕੈਨੇਡਾ ਦੇ ਨਾਗਰਿਕਾਂ ਨੂੰ ਵੀ ਨੌਕਰੀਆਂ ਨਹੀਂ ਮਿਲ ਰਹੀਆਂ। ਕੈਨੇਡਾ ਵਿੱਚ ਲਗਾਤਾਰ ਵਧ ਰਹੀ ਬੇਰੋਜ਼ਗਾਰੀ ਅਤੇ ਰਿਹਾਇਸ਼ੀ ਸੰਕਟ ਦਰਮਿਆਨ ਪਿਛਲੇ ਪੰਜ ਸਾਲਾਂ ਤੋਂ ਇੱਥੇ ਬੇਰੋਜ਼ਗਾਰੀ ਦੀ ਦਰ ਵਧਦੀ ਜਾ ਰਹੀ ਹੈ। ਹੁਣ ਅਜਿਹੀ ਸਥਿਤੀ ਪੈਦਾ ਹੋ ਗਈ ਹੈ ਕਿ ਜੇਕਰ ਕੋਈ ਨਵਾਂ ਪ੍ਰਵਾਸੀ ਆਉਂਦਾ ਹੈ ਤਾਂ ਉਸ ਲਈ ਨੌਕਰੀ ਲੱਭਣਾ ਔਖਾ ਹੋ ਜਾਵੇਗਾ। ਇੰਨਾ ਹੀ ਨਹੀਂ, ਉਸ ਨੂੰ ਇੱਥੇ ਸੈਟਲ ਹੋਣ ਦੀ ਯੋਜਨਾ ਵੀ ਟਾਲਣੀ ਪਵੇਗੀ ਕਿਉਂਕਿ ਇੱਥੇ ਇਕ ਪਾਸੇ ਕਰਜ਼ਾ ਚੁਕਾਉਣ ਦੀ ਟੈਨਸ਼ਨ ਅਤੇ ਦੂਜੇ ਪਾਸੇ ਜੇਕਰ ਸਟੱਡੀ ਵੀਜ਼ਾ ਖਤਮ ਹੋ ਜਾਂਦਾ ਹੈ ਅਤੇ ਇੱਥੇ ਨੌਕਰੀ ਨਹੀਂ ਮਿਲਦੀ ਤਾਂ ਕੈਨੇਡਾ ਵਿੱਚ ਉਸ ਦਾ ਭਵਿੱਖ ਕੀ ਹੋਵੇਗਾ। ਦਿ ਗਲੋਬਲ ਆਉਟਲੈਟ ਦੀ ਇੱਕ ਰਿਪੋਰਟ ਅਨੁਸਾਰ, ਕੈਨੇਡਾ ਦੀ ਸਰਕਾਰੀ ਡਾਟਾ ਏਜੰਸੀ ਨੇ ਨੋਟ ਕੀਤਾ ਹੈ ਕਿ ਪ੍ਰਵਾਸੀਆਂ ਵਿੱਚ ਬੇਰੁਜ਼ਗਾਰੀ ਦੀ ਦਰ 12.6 ਪ੍ਰਤੀਸ਼ਤ ਤੋਂ ਵੱਧ ਗਈ ਹੈ। ਪਿਛਲੇ ਸਾਲ 4 ਪ੍ਰਤੀਸ਼ਤ ਦੇ ਕਰੀਬ ਸੀ। ਇੰਨਾ ਹੀ ਨਹੀਂ, ਜੇਕਰ ਅਸੀਂ ਸਮੁੱਚੇ ਤੌਰ 'ਤੇ ਦੇਖੀਏ ਤਾਂ ਕੈਨੇਡਾ 'ਚ 6.4 ਫੀਸਦੀ ਬੇਰੋਜ਼ਗਾਰੀ ਦਰ ਹੈ। ਇਸ ਨਾਲ ਕੈਨੇਡੀਅਨ ਮੂਲ ਦੇ ਨਾਗਰਿਕਾਂ ਵਿੱਚ ਵੀ ਬੇਰੋਜ਼ਗਾਰੀ ਦੀ ਦਰ ਵੱਧ ਗਈ ਹੈ। ਇੱਕ ਦਹਾਕੇ ਬਾਅਦ, ਉਨ੍ਹਾਂ ਦੇ ਬੇਰੁਜ਼ਗਾਰ ਲੋਕਾਂ ਦੀ ਦਰ ਸਭ ਤੋਂ ਵੱਧ ਹੈ। 30 ਪ੍ਰਤੀਸ਼ਤ ਭਾਰਤੀਆਂ ਨੇ ਪਿਛਲੇ ਪੰਜ ਸਾਲਾਂ ਵਿੱਚ ਪੀਆਰ ਨਾਲ ਸਮਝੌਤਾ ਕੀਤਾ ਹੈ ਇੱਥੋਂ ਤੱਕ ਕਿ ਕੈਨੇਡਾ ਵਿੱਚ ਪੀਆਰ ਪ੍ਰਾਪਤ ਕਰਨ ਵਾਲੇ ਭਾਰਤੀਆਂ ਨੂੰ ਹੁਣ ਨੌਕਰੀ ਲੈਣ ਲਈ ਬਹੁਤ ਉਲਝਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੰਕੜਿਆਂ ਅਨੁਸਾਰ, ਹਾਲ ਹੀ ਵਿੱਚ ਪੱਕੇ ਵਸਨੀਕ ਬਣੇ ਲੋਕਾਂ ਨੇ ਵੀ ਆਪਣਾ ਪੀਆਰ ਦਰਜਾ ਛੱਡ ਦਿੱਤਾ ਹੈ। ਹਾਲਾਂਕਿ ਸਾਲ 2023 'ਚ 4 ਲੱਖ 71 ਹਜ਼ਾਰ 810 ਨਵੇਂ ਪੀਆਰ ਸਟੇਟਸ ਦਿੱਤੇ ਗਏ ਸਨ, ਜਿਨ੍ਹਾਂ 'ਚੋਂ 1 ਲੱਖ 39 ਹਜ਼ਾਰ 785 ਭਾਰਤੀ ਸਨ। ਭਾਵ ਪੀਆਰ ਪ੍ਰਾਪਤ ਕਰਨ ਵਾਲਿਆਂ ਵਿੱਚ 30 ਫੀਸਦੀ ਭਾਰਤੀ ਸਨ।ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ ਕੁੱਲ ਲੋਕਾਂ ਨੂੰ ਅਲਾਟ ਕੀਤੇ ਗਏ ਪੀਆਰ ਸਟੇਟਸ ਦਾ 28 ਫੀਸਦੀ ਭਾਰਤੀ ਹਨ। ਲੇਬਰ ਡਿਪਾਰਟਮੈਂਟ ਦੀ ਰਿਪੋਰਟ ਅਨੁਸਾਰ, ਇਕੱਲੇ ਜੂਨ 2024 ਦੇ ਮਹੀਨੇ ਵਿੱਚ ਇੱਥੇ 1.4 ਮਿਲੀਅਨ ਬੇਰੁਜ਼ਗਾਰ ਦੇਖੇ ਗਏ ਸਨ। ਪਿਛਲੇ ਮਹੀਨੇ ਦੇ ਮੁਕਾਬਲੇ 42 ਹਜ਼ਾਰ ਲੋਕਾਂ ਦੀ ਬੇਰੁਜ਼ਗਾਰੀ ਵਧੀ ਹੈ, ਯਾਨੀ ਕਿ 3.1 ਫੀਸਦੀ ਦਾ ਵਾਧਾ ਹੋਇਆ ਹੈ। ਨੌਜਵਾਨ ਕੈਨੇਡੀਅਨਾਂ ਵਿੱਚ, 13.5 ਪ੍ਰਤੀਸ਼ਤ ਬੇਰੁਜ਼ਗਾਰ ਹਨ, ਜਿਨ੍ਹਾਂ ਦੀ ਉਮਰ 15 ਤੋਂ 24 ਸਾਲ ਦੇ ਵਿਚਕਾਰ ਹੈ। ਇਸ ਨਾਲ ਹੀ 24 ਤੋਂ 54 ਸਾਲ ਦੀ ਉਮਰ ਦੇ ਕਾਲੇ ਕੈਨੇਡੀਅਨਾਂ ਵਿੱਚ, ਬੇਰੁਜ਼ਗਾਰੀ ਦਰ 11.9 ਪ੍ਰਤੀਸ਼ਤ ਹੈ। ਆਊਟਲੈਟ ਬੈਟਰ ਡਵੈਲਿੰਗ ਨੇ ਕਿਹਾ ਕਿ ਸਮੱਸਿਆ ਇਹ ਨਹੀਂ ਹੈ ਕਿ ਕੈਨੇਡਾ ਵਿੱਚ ਨੌਕਰੀਆਂ ਖਤਮ ਹੋ ਗਈਆਂ ਹਨ, ਪਰ ਇਹ ਹੈ ਕਿ ਅਚਾਨਕ ਪਰਵਾਸੀਆਂ ਦੀ ਗਿਣਤੀ ਇੰਨੀ ਵੱਧ ਗਈ ਹੈ ਕਿ ਲੋਕਾਂ ਨੂੰ ਨੌਕਰੀਆਂ ਪ੍ਰਾਪਤ ਕਰਨ ਵਿੱਚ ਮੁਸ਼ਕਲ ਆ ਰਹੀ ਹੈ। ਇਮੀਗ੍ਰੇਸ਼ਨ ਇੰਨਾ ਵਧ ਗਿਆ ਹੈ ਕਿ ਰੁਜ਼ਗਾਰ ਪੈਦਾ ਕਰਨ ਲਈ ਦੇਸ਼ ਦੀ ਆਰਥਿਕਤਾ ਦੀ ਸਮਰੱਥਾ ਨਾਲੋਂ ਪਰਵਾਸੀਆਂ ਦੀ ਗਿਣਤੀ ਵੱਧ ਗਈ ਹੈ। ਉਸੇ ਭੂਮਿਕਾ ਲਈ ਤਜਰਬੇਕਾਰ ਅਤੇ ਤਜਰਬੇਕਾਰ ਘੱਟ ਤਨਖਾਹ ਵਾਲੇ ਕਾਮਿਆਂ ਵਿਚਕਾਰ ਮੁਕਾਬਲਾ ਹੈ, ਜਿਸ ਕਾਰਨ ਬੇਰੁਜ਼ਗਾਰੀ ਦਰ ਹੇਠਾਂ ਨਹੀਂ ਆ ਰਹੀ ਹੈ।

ਕੈਨੇਡਾ ਵਿੱਚ ਆਰਥਿਕਤਾ ਭਾਰੀ ਦਬਾਅ ਹੇਠ ਆ ਗਈ ਹੈ। ਇਸ ਦੌਰਾਨ ਤੀਸਰਾ ਨਵਾਂ ਫੈਕਟਰ ਹੈਲਥ ਕੇਅਰ ਵੀ ਸਾਹਮਣੇ ਆਇਆ ਹੈ ਜਿੱਥੇ ਲੋਕਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਇੱਥੇ ਚੰਗੀਆਂ ਸਹੂਲਤਾਂ ਨਹੀਂ ਮਿਲ ਰਹੀਆਂ। ਕੈਨੇਡਾ ਵਿੱਚ ਰਿਹਾਇਸ਼ੀ ਸੰਕਟ ਅਤੇ ਬੇਰੁਜ਼ਗਾਰੀ ਤੋਂ ਬਾਅਦ ਤੀਜੀ ਵੱਡੀ ਚੁਣੌਤੀ ਸਿਹਤ ਖੇਤਰ ਦੇ ਸਾਹਮਣੇ ਹੈ।

# ਕੋਟਕਪੂਰੇ ਦਾ ਸਾਬਤ-ਸੂਰਤ ਸਿੱਖ ਕੈਨੇਡਾ 'ਚ ਬਣਿਆ ਪਾਇਲਟ



ਜੇਕਰ ਇਰਾਦੇ ਮਜ਼ਬੂਤ ਹੋਣ ਅਤੇ ਕੁੱਝ ਕਰਨ ਦਾ ਜਜ਼ਬਾ ਦਿਲ 'ਚ ਹੋਵੇ ਤਾਂ ਕੋਈ ਵੀ ਵਿਅਕਤੀ ਕਿਸੇ ਵੀ ਉੱਚੇ ਤੋਂ ਉੱਚੇ ਮੁਕਾਮ 'ਤੇ ਪੁੱਜ ਸਕਦਾ ਹੈ। ਕੋਟਕਪੂਰਾ ਦੇ ਜੰਮਪਲ ਸਿੱਖ ਨੌਜਵਾਨ ਅਸੀਸਪ੍ਰੀਤ ਸਿੰਘ ਨੇ ਕੈਨੇਡਾ 'ਚ ਪਾਇਲਟ ਬਣ ਕੇ ਇਹ ਪੂਰੀ ਤਰ੍ਹਾਂ ਸਿੱਧ ਕਰ ਵਿਖਾਇਆ ਹੈ। ਅਸੀਸਪ੍ਰੀਤ ਸਿੰਘ ਦੇ ਪਾਇਲਟ ਬਣਨ 'ਤੇ ਜਿੱਥੇ ਉਸਦੇ ਮਾਪੇ ਅਤੇ ਦੋਸਤ-ਮਿੱਤਰ ਖੁਸ਼ ਹਨ, ਉੱਥੇ ਅਰੋੜਾ ਬਰਾਦਰੀ ਨਾਲ ਸਬੰਧਤ ਸੰਸਥਾਵਾਂ ਅਰੋੜਵੰਸ਼ ਸਭਾ ਕੋਟਕਪੂਰਾ ਅਤੇ ਅਰੋੜਾ ਮਹਾਸਭਾ ਕੋਟਕਪੂਰਾ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਵਿਚ ਵੀ ਅਸੀਸਪ੍ਰੀਤ ਸਿੰਘ ਦੀ ਉਕਤ ਪ੍ਰਾਪਤੀ 'ਤੇ ਭਾਰੀ ਖੁਸ਼ੀ ਪਾਈ ਜਾ ਰਹੀ ਹੈ।ਉਕਤ ਹੋਣਹਾਰ ਨੌਜਵਾਨ ਦੇ ਮਾਤਾ ਸੁਖਜੀਤ ਕੌਰ ਅਤੇ ਪਿਤਾ ਦਲਜੀਤ ਸਿੰਘ ਨੇ ਦੱਸਿਆ ਕਿ ਅਸੀਸਪ੍ਰੀਤ ਸਟੱਡੀ ਵੀਜ਼ੇ 'ਤੇ 2019 'ਚ ਵੈਨਕੂਵਰ (ਕੈਨੇਡਾ) ਗਿਆ ਸੀ, ਜਿੱਥੇ ਜਾ ਕੇ ਉਸਨੇ ਏਅਰ ਕਰਾਫਟ ਮੇਨਟੀਨੈਂਸ ਇੰਜਨੀਅਰਿੰਗ ਦੀ 2 ਸਾਲ ਦੀ ਪੜ੍ਹਾਈ ਕੀਤੀ ਅਤੇ ਨਾਲ-ਨਾਲ ਫਲਾਇੰਗ ਦਾ ਕੋਰਸ ਵੀ ਮੁਕੰਮਲ ਕੀਤਾ। ਇਸ ਦੌਰਾਨ ਅਸੀਸਪ੍ਰੀਤ ਸਿੰਘ ਦੇ ਦਾਦਾ ਪਾਲ ਸਿੰਘ ਨੇ ਖੁਸ਼ੀ ਜ਼ਾਹਿਰ ਕਰਦਿਆਂ ਆਖਿਆ ਕਿ ਅਸੀਸਪ੍ਰੀਤ ਸਿੰਘ ਕੈਨੇਡਾ ਵਿਖੇ ਰਹਿ ਕੇ ਅਤੇ ਪਾਇਲਟ ਦੀ ਨੌਕਰੀ ਪ੍ਰਾਪਤ ਕਰਨ ਦੇ ਬਾਵਜੂਦ ਵੀ ਸਾਬਤ-ਸੂਰਤ ਹੈ ਅਤੇ ਉਸਨੇ ਆਪਣੀ ਸਿੱਖੀ ਨੂੰ ਕਾਇਮ ਰੱਖਿਆ ਹੋਇਆ ਹੈ।

# ਮਹਾਰਾਸ਼ਟਰ ਵਿੱਚ ਸਭ ਤੋਂ ਵਧੀਆ ਬੀਚ

ਗਣਪਤੀਪੁਲੇ ਮਹਾਰਾਸ਼ਟਰ ਦੇ ਹੋਰ ਪ੍ਰਸਿੱਧ ਬੀਚਾਂ ਵਾਂਗ ਨਹੀਂ ਹੈ, ਜੋ ਭੀੜ-ਭੜੱਕੇ ਵਾਲੇ ਅਤੇ ਪ੍ਰਦੂਸ਼ਿਤ ਹਨ! ਇਸ ਦੀ ਬਜਾਏ, ਇਹ ਸੁਹਜ ਅਤੇ ਸੁੰਦਰ ਹੈ ਅਤੇ ਮਹਾਰਾਸ਼ਟਰ ਦੇ ਸਭ ਤੋਂ ਵਧੀਆ ਬੀਚਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਅਤੇ ਚਮਕਦੇ ਨੀਲੇ ਪਾਣੀਆਂ, ਹਿੱਲਦੇ ਹੋਏ ਹਥੇਲੀਆਂ, ਪੁਰਾਣੀ ਹਵਾ, ਚਿੱਟੀ ਰੇਤ, ਮੈਂਗਰੋਵ ਅਤੇ ਨਾਰੀਅਲ ਦੇ ਪਾਮ ਵਰਗੇ ਕੁਦਰਤੀ ਸ਼ਾਨੋ-ਸ਼ੌਕਤ ਨਾਲ ਘਿਰਿਆ ਹੋਇਆ ਹੈ। ਕੋਂਕਣ ਤੱਟ ਦੇ ਨਾਲ ਸਥਿਤ, ਗਣਪਤੀਪੁਲੇ ਬੀਚ ਬਹੁਤ ਸਾਰੇ ਸੈਲਾਨੀਆਂ ਲਈ ਇੱਕ ਸ਼ਾਨਦਾਰ ਯਾਤਰਾ ਹੈ ਜੋ ਕਿ ਨੀਲੇ ਅਰਬ ਸਾਗਰ ਅਤੇ ਚਿੱਟੀ ਰੇਤ ਦੇ ਦੂਰ ਤੱਕ ਸ਼ਾਂਤੀ ਅਤੇ ਸ਼ਾਂਤੀ ਦਾ ਅਨੁਭਵ ਕਰਨਾ ਚਾਹੁੰਦੇ ਹਨ। ਬੀਚ ਦੇ ਅੰਦਰ ਅਤੇ ਆਲੇ ਦੁਆਲੇ ਦੇ ਪ੍ਰਸਿੱਧ ਆਕਰਸ਼ਣ: ਸਵਯੰਭੂ (ਸਵੈ-ਉਪਦੇਸ਼) ਗਣੇਸ਼ ਦਾ ਮੰਦਰ ਗਣਪਤੀਪੁਲੇ ਬੀਚ ਅਤੇ ਇਸ ਦੇ ਆਲੇ-ਦੁਆਲੇ ਪ੍ਰਸਿੱਧ ਆਕਰਸ਼ਣਾਂ ਵਿੱਚੋਂ ਇੱਕ ਹੈ, ਜਿਸ ਨੂੰ ਇਸ ਮਹਾਨ ਦੇਵਤੇ ਦਾ ਸਤਿਕਾਰ ਕਰਨ ਲਈ ਹਰ ਰੋਜ਼ ਬਹੁਤ ਸਾਰੇ ਸੈਲਾਨੀ ਆਉਂਦੇ ਹਨ। ਇਸ ਤੋਂ ਇਲਾਵਾ, ਇੱਥੇ ਕਈ ਰੈਸਟੋਰੈਂਟ ਹਨ ਜੋ ਸਥਾਨਕ ਤਿਆਰੀਆਂ ਦੀ ਪੇਸ਼ਕਸ਼ ਕਰਦੇ ਹਨ ਜਿਵੇਂ ਕਿ ਅੰਬਾਪੋਲੀ (ਕੁਚਲੇ ਅਤੇ ਸੁੱਕੇ ਅੰਬ ਦੇ ਪਤਲੇ ਪੈਨਕੇਕ), ਫਾਂਸਪੋਲੀ (ਸੁੱਕੇ ਅਤੇ ਕੁਚਲੇ ਹੋਏ ਜੈਕਫਰੂਟ ਦੇ ਪਤਲੇ ਪੈਨਕੇਕ), ਮੱਛੀ ਦੀਆਂ ਕਰੀਆਂ, ਅਤੇ ਕੋਕਮ ਕੜੀ। ਯਾਤਰੀ ਸ਼ਾਸਤਰੀ ਨਦੀ ਦੀ ਸੁੰਦਰਤਾ ਦਾ ਗਵਾਹ ਬਣਨ ਲਈ ਮਸ਼ਹੂਰ ਮਰਾਠੀ ਕਵੀ 'ਕੇਸ਼ਵਸੁਤ' ਦੇ ਜਨਮ ਸਥਾਨ ਮਾਲਗੁੰਡ ਪਿੰਡ ਦਾ ਵੀ ਦੌਰਾ ਕਰ ਸਕਦੇ ਹਨ, ਜਿਸਦਾ ਆਪਣਾ ਸ਼ਾਂਤਮਈ ਅਤੇ ਨਾਰੀਅਲ ਦੇ ਕਿਨਾਰਿਆਂ ਵਾਲਾ ਬੀਚ ਹੈ।



ਦਾਹਾਨੂ-ਬੋਰਡੀ ਬੀਚ ਠਾਣੇ ਦੀ ਤੱਟਵਰਤੀ ਰੇਖਾ ਦੇ ਨਾਲ ਫੈਲਿਆ ਹੋਇਆ ਹੈ, ਜੋ ਕਿ ਮੁੰਬਈ ਤੋਂ 145 ਕਿਲੋਮੀਟਰ ਦੀ ਦੂਰੀ 'ਤੇ ਹੈ, ਚੀਕੂ ਦੇ ਬਾਗਾਂ ਲਈ ਮਸ਼ਹੂਰ, ਵੱਡੀ ਗਿਣਤੀ ਵਿੱਚ ਉਪਲਬਧ ਹੈ। ਇਸ ਸੁੰਦਰ ਬੀਚ ਦੀ ਮੰਜ਼ਿਲ 'ਤੇ ਪਹੁੰਚਣ ਲਈ, ਕਿਸੇ ਨੂੰ ਸਹਿਯਾਦਰੀ ਪਰਬਤ ਲੜੀ ਦੇ ਪਾਰ ਯਾਤਰਾ ਕਰਨ ਅਤੇ ਬਗੀਚਿਆਂ ਅਤੇ ਫੁੱਲਾਂ ਦੇ ਬਾਗਾਂ ਨਾਲ ਕਤਾਰਬੱਧ ਅਰਬ ਸਾਗਰ ਦੇ ਕਿਨਾਰਿਆਂ ਨੂੰ ਛੂਹਣ ਦੀ ਜ਼ਰੂਰਤ ਹੁੰਦੀ ਹੈ। ਬੋਰਡੀ ਬੀਚ ਧਨੂ ਤੋਂ ਅੱਧੇ ਘੰਟੇ ਦੀ ਦੂਰੀ 'ਤੇ ਹੈ, ਜੋ ਕਿ ਕੈਸੁਰੀਨਾ ਦੇ ਦਰੱਖਤਾਂ, ਨਾਰੀਅਲ ਦੇ ਬਾਗਾਂ ਅਤੇ ਚੀਕੂ ਦੇ ਬਾਗਾਂ ਦੀ ਮੌਜੂਦਗੀ ਨਾਲ ਚਿੰਨ੍ਹਿਤ ਹੈ। ਬੀਚ ਦੇ ਅੰਦਰ ਅਤੇ ਆਲੇ ਦੁਆਲੇ ਦੇ ਪ੍ਰਸਿੱਧ ਆਕਰਸ਼ਣ: ਪਾਣੀ ਦੇ ਸਾਹਸ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀ ਲਈ, ਦਾਹਾਨੂ-ਬੋਰਡੀ ਬੀਚ ਇੱਕ ਸੰਪੂਰਨ ਸਥਾਨ ਹੈ ਜੋ ਗਲਾਈਡਿੰਗ, ਟ੍ਰੈਕਿੰਗ, ਪਤੰਗ ਉਡਾਉਣ ਆਦਿ ਵਰਗੀਆਂ ਖੇਡਾਂ ਦੀਆਂ ਗਤੀਵਿਧੀਆਂ ਦੀ ਪੇਸ਼ਕਸ਼ ਕਰਦਾ ਹੈ। ਸੈਲਾਨੀ ਮਹਾਲਕਸ਼ਮੀ, ਅਸ਼ੇਰੀਗੜ, ਬਹਿਰੋਟ ਵਰਗੀਆਂ ਨੇੜਲੇ ਪਹਾੜੀਆਂ 'ਤੇ ਟ੍ਰੈਕਿੰਗ ਦਾ ਅਨੁਭਵ ਕਰ ਸਕਦੇ ਹਨ। , ਅਤੇ ਕਹੋਜ ਅਤੇ ਕੁਝ ਉਚਾਈ ਤੋਂ ਦਾਹਾਨੂ-ਬੋਰਡੀ ਦੇ ਨਜ਼ਾਰੇ ਦਾ ਅਨੰਦ ਲਓ। ਇਸ ਤੋਂ ਇਲਾਵਾ, ਤੁਸੀਂ ਇਤਿਹਾਸਕ ਬਹਿਰੋਟ ਗੁਫਾ ਦਾ ਵੀ ਦੌਰਾ ਕਰ ਸਕਦੇ ਹੋ, ਜੋ ਮੁੱਖ ਤੌਰ 'ਤੇ ਜ਼ੋਰੋਸਟ੍ਰੀਅਨ ਅਤੇ ਉਦਵਾੜਾ ਦਾ ਤੀਰਥ ਕੇਂਦਰ ਹੈ ਜਿਸ ਵਿਚ ਇਕ ਹਜ਼ਾਰ ਸਾਲ ਪੁਰਾਣੀ, ਅਜੇ ਵੀ ਬਲਦੀ, ਪਵਿੱਤਰ ਅੱਗ ਹੈ।



'ਭਾਰਤ ਦੇ ਸੁਪਨਿਆਂ ਦੇ ਸ਼ਹਿਰ' ਮੁੰਬਈ ਵਿੱਚ ਸਥਿਤ... ਜੁਹੂ ਮਹਾਰਾਸ਼ਟਰ ਦੇ ਸਭ ਤੋਂ ਪ੍ਰਸਿੱਧ ਅਤੇ ਸ਼ਾਨਦਾਰ ਬੀਚਾਂ ਵਿੱਚੋਂ ਇੱਕ ਹੈ, ਜੋ ਕਿ ਭੇਲਪੁਰੀ (ਭਾਰਤੀ ਸਨੈਕਸ) ਵਰਗੇ ਖਾਣਯੋਗ ਪਦਾਰਥਾਂ ਲਈ ਮਸ਼ਹੂਰ ਹੈ ਅਤੇ ਬੀਚ ਦੇ ਆਲੇ ਦੁਆਲੇ ਦੇ ਭੋਜਨ ਸਟਾਲਾਂ 'ਤੇ ਉਪਲਬਧ ਚੈਟ ਹੈ। ਬਹੁਤ ਸਾਰੀਆਂ ਬਾਲੀਵੁੱਡ ਮਸ਼ਹੂਰ ਹਸਤੀਆਂ ਇਸ ਸੁੰਦਰ ਬੀਚ ਦੇ ਨੇੜੇ ਰਹਿੰਦੀਆਂ ਹਨ ਅਤੇ ਅਕਸਰ ਸਮੁੰਦਰ ਦੇ ਕਿਨਾਰੇ ਸੈਰ ਕਰਦੀਆਂ ਦਿਖਾਈ ਦਿੰਦੀਆਂ ਹਨ। ਜੁਹੂ ਬੀਚ ਮਹਾਰਾਸ਼ਟਰ ਦੇ ਸਭ ਤੋਂ ਵੱਧ ਭੀੜ-ਭੜੱਕੇ ਵਾਲੇ ਬੀਚਾਂ ਵਿੱਚੋਂ ਇੱਕ ਹੈ ਅਤੇ ਇੱਥੇ ਘੋੜ ਸਵਾਰੀ ਅਤੇ ਗਧੇ ਦੀ ਸਵਾਰੀ ਤੋਂ ਲੈ ਕੇ ਕੁਝ ਖਾਸ ਮੁੰਬਈ ਦੇ ਸਨੈਕਸ ਤੱਕ ਹਰ ਚੀਜ਼ ਦੀ ਪੇਸ਼ਕਸ਼ ਕਰਦਾ ਹੈ ਅਤੇ ਸੈਲਾਨੀਆਂ ਨੂੰ ਕ੍ਰਿਕਟ ਮੈਚ ਖੇਡਣ ਅਤੇ ਫਿਲਮਾਂ ਦੀ ਸ਼ੂਟਿੰਗ ਦੇਖਣ ਦੀ ਇਜਾਜ਼ਤ ਦਿੰਦਾ ਹੈ, ਜੋ ਅਕਸਰ ਇੱਥੇ ਹੁੰਦਾ ਹੈ। ਇਹ ਵਰਸੋਵਾ ਦੇ ਉੱਤਰ ਵਿੱਚ ਸਥਿਤ ਹੈ, ਜੋ ਕਿ ਮੁੰਬਈ ਦਾ ਸਭ ਤੋਂ ਵੱਡਾ ਕੋਲੀ (ਮੱਛੀ ਫੜਨ ਵਾਲਾ ਭਾਈਚਾਰਾ) ਹੈ। ਸੁੰਦਰ ਬੰਗਲੇ, ਆਲੀਸ਼ਾਨ ਹੋਟਲਾਂ ਅਤੇ ਅਪਾਰਟਮੈਂਟਾਂ ਨਾਲ ਸੁਧਾਰਿਆ ਗਿਆ, ਜੁਹੂ ਰਾਤ ਨੂੰ ਜਦੋਂ ਲਾਈਟਾਂ ਚਾਲੂ ਹੁੰਦੀਆਂ ਹਨ ਤਾਂ ਹੀਰੇ ਦੇ ਹਾਰ ਦੀ ਤਰ੍ਹਾਂ ਦਿਖਾਈ ਦਿੰਦਾ ਹੈ। ਬੀਚ ਦੇ ਅੰਦਰ ਅਤੇ ਆਲੇ ਦੁਆਲੇ ਪ੍ਰਸਿੱਧ ਆਕਰਸ਼ਣ: ਜੁਹੂ ਸ਼ਾਨਦਾਰ ਹੋਟਲਾਂ ਅਤੇ ਰੈਸਟੋਰੈਂਟਾਂ ਨਾਲ ਕਤਾਰਬੱਧ ਹੈ ਅਤੇ ਜੇਕਰ ਤੁਸੀਂ ਇਤਾਲਵੀ ਭੋਜਨ ਨਾਲ ਆਪਣੇ ਸੁਆਦ ਨੂੰ ਸੰਤੁਸ਼ਟ ਕਰਨਾ ਚਾਹੁੰਦੇ ਹੋ, ਤਾਂ ਲਿਟਲ ਇਟਲੀ, ਮੰਗੀ ਫੇਰਾ, ਡੌਨ ਜਿਓਵਨੀ ਅਤੇ ਪੇਨੇ ਇੱਥੇ ਕੁਝ ਵਧੀਆ ਇਤਾਲਵੀ ਰੈਸਟੋਰੈਂਟ ਉਪਲਬਧ ਹਨ। ਕੋਈ ਵੀ ਪੱਬਾਂ ਅਤੇ ਡਿਸਕੋਥਿਕਾਂ ਦਾ ਦੌਰਾ ਕਰ ਸਕਦਾ ਹੈ ਜੋ ਜੁਹੂ ਬੀਚ ਦੇ ਨੇੜੇ ਚੰਗੀ ਸੰਖਿਆ ਵਿੱਚ ਉਪਲਬਧ ਹਨ। ਇਸ ਤੋਂ ਇਲਾਵਾ, ਗਾਂਧੀ ਗ੍ਰਾਮ, ਜੁਹੂ ਬੀਚ 'ਤੇ ਇਕ ਜਗ੍ਹਾ ਹੈ, ਜਿੱਥੇ ਬੱਚੇ ਬਾਸਕਟਬਾਲ, ਕ੍ਰਿਕਟ ਅਤੇ ਫੁੱਟਬਾਲ ਵਰਗੀਆਂ ਖੇਡਾਂ ਖੇਡ ਕੇ ਆਪਣੀਆਂ ਗਰਮੀਆਂ ਦੀਆਂ ਛੁੱਟੀਆਂ ਦਾ ਆਨੰਦ ਲੈਣ ਲਈ ਇਕੱਠੇ ਹੁੰਦੇ ਹਨ।



ਮਹਾਰਾਸ਼ਟਰ ਵਿੱਚ ਕੋਂਕਣ ਦੀ ਸਰਹੱਦ ਦੇ ਨਾਲ ਬਣਿਆ, ਸ਼੍ਰੀਵਰਧਨ ਹਰੀਹਰੇਸ਼ਵਰ ਬੀਚ ਆਪਣੇ ਸ਼ਾਂਤ ਅਤੇ ਅਜੀਬ ਮਾਹੌਲ ਲਈ ਜਾਣਿਆ ਜਾਂਦਾ ਹੈ, ਇੱਕ ਸ਼ਾਂਤੀਪੂਰਨ ਬੀਚ ਛੁੱਟੀਆਂ ਲਈ ਸੰਪੂਰਨ ਹੈ। ਹਰੀਹਰੇਸ਼ਵਰ ਦਾ ਸ਼ਾਂਤ ਕਸਬਾ ਕੋਮਲ ਹਵਾਵਾਂ, ਨਰਮ ਰੇਤਲੇ ਬੀਚਾਂ, ਸਮੁੰਦਰੀ ਕਿਨਾਰਿਆਂ ਦੇ ਬੇਕਾਬੂ ਹਿੱਸੇ ਅਤੇ ਮਰਾਠਾ ਰਾਜ ਦੇ ਅਮੀਰ ਨਿਸ਼ਾਨਾਂ ਨਾਲ ਚਿੰਨ੍ਹਿਤ ਹੈ ਜੋ ਅਜੇ ਵੀ ਸੁੰਦਰ ਹਨ। ਇਹ ਉਹਨਾਂ ਲੋਕਾਂ ਲਈ ਸੰਪੂਰਣ ਸਥਾਨ ਹੈ ਜੋ ਆਰਾਮਦਾਇਕ ਗਤੀਵਿਧੀਆਂ ਜਿਵੇਂ ਕਿ ਸਨ ਬੇਸਕਿੰਗ, ਸੂਰਜ ਇਸ਼ਨਾਨ, ਬੀਚ ਵਾਕਿੰਗ, ਯੋਗਾ ਅਤੇ ਧਿਆਨ ਵਿੱਚ ਸ਼ਾਮਲ ਹੋਣਾ ਪਸੰਦ ਕਰਦੇ ਹਨ। ਬੀਚ ਦੇ ਅੰਦਰ ਅਤੇ ਆਲੇ-ਦੁਆਲੇ ਪ੍ਰਸਿੱਧ ਆਕਰਸ਼ਣ: ਸ਼੍ਰੀਵਰਧਨ ਹਰੀਹਰੇਸ਼ਵਰ ਬੀਚ ਬਹੁਤ ਸਾਰੇ ਰੈਸਟੋਰੈਂਟਾਂ ਨਾਲ ਸਥਿਤ ਹੈ ਜੋ ਤਾਜ਼ੇ ਫੜੇ ਗਏ ਕੇਕੜੇ, ਝੀਂਗਾ, ਅਤੇ ਹੋਰ ਸਮੁੰਦਰੀ ਭੋਜਨ, ਅਤੇ ਕੋਂਕਣੀ ਅਤੇ ਮਹਾਰਾਸ਼ਟਰੀ ਪਕਵਾਨਾਂ ਦੇ ਸੰਯੋਜਨ ਸਮੇਤ ਪਕਵਾਨਾਂ ਦੀ ਪੇਸ਼ਕਸ਼ ਕਰਦੇ ਹਨ। ਇਹ ਯਾਤਰੀਆਂ ਨੂੰ ਕਿਸ਼ਤੀ ਦੀ ਸਵਾਰੀ ਦਾ ਤਜਰਬਾ ਵੀ ਪ੍ਰਦਾਨ ਕਰਦਾ ਹੈ ਤਾਂ ਜੋ ਉਨ੍ਹਾਂ ਨੂੰ ਸੁੰਦਰ ਧਰਤੀ ਨੂੰ ਲੱਭਣ ਵਿੱਚ ਮਦਦ ਕੀਤੀ ਜਾ ਸਕੇ ਜਿੱਥੇ ਪੇਸ਼ਵਾ, ਜਾਂ ਮਰਾਠਾ ਰਾਜ ਦੇ ਪ੍ਰਧਾਨ ਮੰਤਰੀ ਰਹਿੰਦੇ ਸਨ। ਪੇਸ਼ਵਾ ਸਮਾਰਕ ਅਤੇ ਹਰੀਹਰੇਸ਼ਵਰ ਦਾ ਪ੍ਰਸਿੱਧ ਮੰਦਰ ਇੱਥੇ ਦੇਖਣ ਲਈ ਜ਼ਰੂਰੀ ਹੈ।



ਸ਼ਹਿਰ ਦੀ ਭੀੜ-ਭੜੱਕੇ ਤੋਂ ਦੂਰ ਕੁਝ ਸਮਾਂ ਬਿਤਾਉਣ ਲਈ ਸ਼ਾਂਤ ਜਗ੍ਹਾ ਦੀ ਤਲਾਸ਼ ਕਰਨ ਵਾਲੇ ਕਿਸੇ ਵਿਅਕਤੀ ਲਈ, ਮੰਡਵਾ ਅਤੇ ਕਿਹਿਮ ਬੀਚ ਸਹੀ ਜਗ੍ਹਾ ਹੈ। ਮੁੰਬਈ ਤੋਂ ਸਿਰਫ਼ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ, ਇਹ ਸੁੰਦਰ ਬੀਚ ਸੰਘਣੇ ਨਾਰੀਅਲ ਦੇ ਰੁੱਖਾਂ, ਜੰਗਲੀ ਫੁੱਲਾਂ, ਤਿਤਲੀਆਂ ਅਤੇ ਪੰਛੀਆਂ ਨਾਲ ਢਕੇ ਹੋਏ ਹਨ, ਜੋ ਕੁਦਰਤ ਪ੍ਰੇਮੀਆਂ ਲਈ ਇੱਥੇ ਕੁਝ ਸਮਾਂ ਬਿਤਾਉਣ ਲਈ ਹੋਰ ਵੀ ਆਕਰਸ਼ਕ ਬਣਾਉਂਦੇ ਹਨ। ਇਸ ਬੀਚ ਦਾ ਪ੍ਰਦੂਸ਼ਣ ਰਹਿਤ ਹਰਾ ਵਾਤਾਵਰਣ ਦੇਸ਼ ਦੇ ਹਰ ਕੋਨੇ ਤੋਂ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ ਅਤੇ ਉਨ੍ਹਾਂ ਨੂੰ ਸਮੁੰਦਰ ਅਤੇ ਗੇਟਵੇ ਆਫ ਇੰਡੀਆ ਦੇ ਲੰਬੇ ਸਾਹ ਲੈਣ ਵਾਲੇ ਦ੍ਰਿਸ਼ ਦਾ ਆਨੰਦ ਲੈਣ ਦੀ ਇਜਾਜ਼ਤ ਦਿੰਦਾ ਹੈ। ਬੀਚ ਦੇ ਅੰਦਰ ਅਤੇ ਆਲੇ ਦੁਆਲੇ ਪ੍ਰਸਿੱਧ ਆਕਰਸ਼ਣ: ਨਾਰੀਅਲ ਦੇ ਖਜੂਰਾਂ ਦੇ ਸੁੰਦਰ ਬਾਗਾਂ ਨਾਲ ਘਿਰਿਆ, ਸ਼ਾਂਤ ਮੰਡਵਾ ਪਿੰਡ ਬੀਚਾਂ ਦੇ ਬਿਲਕੁਲ ਕੋਲ ਸਥਿਤ ਹੈ, ਜਿੱਥੇ ਸੈਲਾਨੀ ਪਿੰਡ ਦੇ ਲੋਕਾਂ ਦੀ ਵਿਲੱਖਣ ਜੀਵਨ ਸ਼ੈਲੀ ਦੀ ਗਵਾਹੀ ਦੇਣ ਲਈ ਸਮਾਂ ਬਿਤਾਉਂਦੇ ਹਨ। ਕਿਹਿਮ ਵਿਖੇ ਟੈਂਟ ਦੀ ਛੁੱਟੀ ਇਕ ਹੋਰ ਆਕਰਸ਼ਣ ਹੈ ਜੋ ਮਾਂਡਵਾ ਅਤੇ ਕਿਹਿਮ ਬੀਚ ਨੂੰ ਮੁੰਬਈ ਦੇ ਪ੍ਰਸਿੱਧ ਬੀਚਾਂ ਵਿੱਚੋਂ ਇੱਕ ਬਣਾਉਂਦਾ ਹੈ। ਤੁਹਾਨੂੰ ਕੋਲਾਬਾ ਕਿਲ੍ਹਾ, ਚੌਲ, ਇੱਕ ਇਤਿਹਾਸਕ ਸਥਾਨ ਜੋ ਪੁਰਤਗਾਲੀ ਦਿਨਾਂ ਤੋਂ ਬਚਿਆ ਹੈ, ਬੋਧੀ ਗੁਫਾਵਾਂ, ਹਮਾਮ ਖਾਨਾ, ਇੱਕ ਚਰਚ, ਇੱਕ ਮੰਦਰ ਅਤੇ ਇੱਕ ਪ੍ਰਾਰਥਨਾ ਸਥਾਨ ਜੋ ਮੰਡਵਾ ਅਤੇ ਕਿਹਿਮ ਬੀਚਾਂ ਦੇ ਦੁਆਲੇ ਹੈ, ਦਾ ਵੀ ਦੌਰਾ ਕਰਨਾ ਚਾਹੀਦਾ ਹੈ।



ਕੀ ਤੁਸੀਂ ਮੁੰਬਈ ਜਾਣ ਦੀ ਯੋਜਨਾ ਬਣਾ ਰਹੇ ਹੋ? ਜੇਕਰ ਹਾਂ, ਤਾਂ ਮਧ ਆਈਲੈਂਡ ਬੀਚ ਨੂੰ ਆਪਣਾ ਦੇਖਣ ਲਈ ਜ਼ਰੂਰੀ ਸਥਾਨ ਬਣਾਓ। ਸੁੰਦਰ ਮਧ ਟਾਪੂ ਇੱਕ ਪੇਂਡੂ ਸਥਾਨ ਹੈ, ਪਰ ਮਛੇਰਿਆਂ ਦੇ ਪਿੰਡਾਂ ਦੇ ਨਾਲ-ਨਾਲ ਤੁਰਨਾ ਬਹੁਤ ਮਜ਼ੇਦਾਰ ਹੈ। ਮੁੰਬਈ ਦੇ ਬਹੁਤ ਸਾਰੇ ਬੀਚਾਂ ਦੇ ਉਲਟ, ਇਹ ਸਭ ਤੋਂ ਸਾਫ ਸੁਥਰਾ ਹੈ ਕਿਉਂਕਿ ਇਹ ਮੈਂਗਰੋਵਜ਼ ਨਾਲ ਘਿਰਿਆ ਹੋਇਆ ਹੈ, ਜੋ ਇਸਦੀ ਸੁੰਦਰਤਾ ਨੂੰ ਵਧਾਉਂਦਾ ਹੈ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਤੋਂ ਲੋਕ ਭੀੜ-ਭੜੱਕੇ ਵਾਲੇ ਸ਼ਹਿਰ ਦੀ ਜ਼ਿੰਦਗੀ ਤੋਂ ਛੁੱਟੀ ਲੈਣ ਲਈ ਇਸ ਮਨਮੋਹਕ ਸਥਾਨ 'ਤੇ ਆਉਂਦੇ ਹਨ। ਇਹ ਸੁੰਦਰ ਬੀਚ ਮੁੰਬਈ ਦੇ ਉੱਤਰ-ਪੱਛਮੀ ਤੱਟ 'ਤੇ ਸਥਿਤ ਛੋਟੇ ਪਿੰਡਾਂ ਅਤੇ ਖੇਤਾਂ ਦੇ ਸਮੂਹ ਨਾਲ ਘਿਰਿਆ ਹੋਇਆ ਹੈ, ਹੋਟਲਾਂ, ਰੈਸਟੋਰੈਂਟਾਂ ਅਤੇ ਸਪਾ ਲਈ ਕਈ ਵਿਕਲਪ ਖੋਲ੍ਹਦਾ ਹੈ। ਬੀਚ ਦੇ ਅੰਦਰ ਅਤੇ ਆਲੇ ਦੁਆਲੇ ਪ੍ਰਸਿੱਧ ਆਕਰਸ਼ਣ: ਮਧ ਆਈਲੈਂਡ ਬੀਚ 'ਤੇ 'ਇਰੰਗਲ' ਪਿੰਡ ਇੱਕ ਪ੍ਰਸਿੱਧ ਸੈਲਾਨੀ ਆਕਰਸ਼ਣ ਹੈ ਜੋ ਸੈਲਾਨੀਆਂ ਨੂੰ ਕਿਸਾਨ ਭਾਈਚਾਰੇ ਦਾ ਦ੍ਰਿਸ਼ ਪ੍ਰਦਾਨ ਕਰਦਾ ਹੈ। 'ਮਧ ਕਿਲ੍ਹਾ', ਜਿਸ ਨੂੰ 'ਵਰਸੋਵਾ ਕਿਲਾ' ਵੀ ਕਿਹਾ ਜਾਂਦਾ ਹੈ, ਪੁਰਤਗਾਲੀਆਂ ਦੁਆਰਾ ਬਣਾਇਆ ਗਿਆ, ਬੀਚ ਦੇ ਨੇੜੇ ਇੱਕ ਹੋਰ ਜਗ੍ਹਾ ਹੈ ਜੋ ਵੱਡੀ ਗਿਣਤੀ ਵਿੱਚ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ। ਅੰਤ ਵਿੱਚ, 'ਸੈਂਟ. ਬੋਨਾਵੇਂਚਰ', ਪੁਰਤਗਾਲੀ ਲੋਕਾਂ ਦੁਆਰਾ ਦੁਬਾਰਾ ਬਣਾਇਆ ਗਿਆ ਇੱਕ ਪ੍ਰਾਚੀਨ ਚਰਚ, ਇੱਕ ਹੋਰ ਆਕਰਸ਼ਣ ਹੈ ਜੋ ਮੁੰਬਈ ਵਿੱਚ ਮਧ ਆਈਲੈਂਡ ਬੀਚ ਦੇ ਆਲੇ ਦੁਆਲੇ ਹੈ।



ਮੁੰਬਈ ਵਿੱਚ ਦੇਖਣ ਲਈ ਇੱਕ ਹੋਰ ਸਭ ਤੋਂ ਵਧੀਆ ਸਥਾਨ ਮਾਰਵੇ ਮਨੋਰੀ ਅਤੇ ਗੋਰਾਈ ਬੀਚ ਹੈ ਜੋ ਬਹੁਤ ਸਾਰੇ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ ਕਿਉਂਕਿ ਉਹ ਸੂਰਜ ਚੜ੍ਹਨ ਅਤੇ ਸੂਰਜ ਡੁੱਬਣ ਦੇ ਸ਼ਾਨਦਾਰ ਦ੍ਰਿਸ਼ਾਂ ਦਾ ਧੰਨਵਾਦ ਕਰਦੇ ਹਨ। ਇਹ ਤਿੰਨ ਛੋਟੇ ਬੀਚ ਕੁਦਰਤੀ ਸੁੰਦਰਤਾ ਨਾਲ ਬਖਸ਼ੇ ਹੋਏ ਹਨ ਅਤੇ ਕਿਸੇ ਵੀ ਚੀਜ਼ ਨਾਲੋਂ ਆਪਣੇ ਦੇਰ ਰਾਤ ਬੀਚ ਪਾਰਟੀਆਂ ਲਈ ਵਧੇਰੇ ਮਸ਼ਹੂਰ ਹਨ। ਜਦੋਂ ਕਿ ਮਾਰਵੇ ਨੂੰ ਬੋਰੀਵਲੀ ਵਜੋਂ ਵੀ ਜਾਣਿਆ ਜਾਂਦਾ ਹੈ, ਜੋ ਕਿ ਇੱਕ ਛੋਟਾ ਜਿਹਾ ਮੱਛੀ ਫੜਨ ਵਾਲਾ ਪਿੰਡ ਹੈ, ਮਨੋਰੀ ਅਤੇ ਗੋਰਾਈ ਸੁੰਦਰ ਬੀਚ ਹਨ ਜਿੱਥੇ ਲੋਕਾਂ ਦੀ ਭੀੜ ਹੁੰਦੀ ਹੈ, ਖਾਸ ਕਰਕੇ ਪੂਰਨਮਾਸ਼ੀ ਦੀਆਂ ਰਾਤਾਂ ਵਿੱਚ। ਮਾਰਵੇ ਮੁੰਬਈ ਦਾ ਵਧੇਰੇ ਉਦਯੋਗਿਕ ਖੇਤਰ ਹੈ... ਇਸ ਲਈ ਕੁਝ ਰੈਸਟੋਰੈਂਟਾਂ ਅਤੇ ਦੁਕਾਨਾਂ ਨੂੰ ਛੱਡ ਕੇ ਇਹਨਾਂ ਸੁੰਦਰ ਬੀਚਾਂ ਦੇ ਨੇੜੇ ਕੋਈ ਵੀ ਪ੍ਰਸਿੱਧ ਆਕਰਸ਼ਣ ਨਹੀਂ ਹੈ।

